A1 Roofing & Siding Ltd.
• ROOFING • SIDING • SOFFIT • STUCCO • HARDIE • FASCIA • EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 13 No: 299 Website : www.punjabiakhbaar.ca Email: editor@punjabiakhbaar.ca Friday, 4 September 2026

## ਬਦਲ ਗਏ ਰੰਗ ਕਦੇ ਹੱਥਾਂ 'ਚ ਗੁਲਾਬ, ਅੱਜ ਦਿਲਾਂ 'ਚ ਮਲਾਲ.. !

-------ਚਰਨਜੀਤ ਭੁੱਲਰ--------



ਚੰਡੀਗੜ੍ਹ : ਜਦੋਂ ਮੁਲਾਜ਼ਮਾਂ ਨਾਲ ਗੱਲਬਾਤ ਦੇ ਬੂਹੇ ਬੰਦ ਹੋਏ ਤਾਂ ਚੰਡੀਗੜ੍ਹ ਦੇ ਸਿਵਲ ਸਕੱਤਰੇਤ 'ਚ ਰੋਹ ਦੇ ਬੰਨ੍ਹ ਟੁੱਟ ਗਏ। ਉਧਰੋਂ ਜਲੰਧਰ ਤੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਦੋ ਟੁੱਕ ਲਫ਼ਜ਼ਾਂ 'ਚ ਕਿਹਾ ਕਿ ਗੱਲਬਾਤ ਤੇ ਹੜਤਾਲ ਇਕੱਠੇ ਨਹੀਂ ਚੱਲਣਗੇ। ਇੱਧਰੋਂ ਚੰਡੀਗੜ੍ਹ ਤੋਂ ਮੁਲਾਜ਼ਮਾਂ ਨੇ ਚਣੌਤੀ ਕਬੂਲੀ ਕਿ ਸਰਕਾਰ ਨਾਲ ਹੁਣ ਕਰਾਂਗੇ ਦੋ ਹੱਥ। ਸਮੁੱਚੇ ਪੰਜਾਬ 'ਚ ਲੱਖਾਂ ਮੁਲਾਜ਼ਮ ਸਮੂਹਿਕ ਛੁੱਟੀ 'ਤੇ ਸਨ ਜਿਨ੍ਹਾਂ ਦੀ ਮੰਗ ਬਕਾਇਆ ਡੀ ਏ ਤੇ ਪੁਰਾਣੀ ਪੈਨਸ਼ਨ ਸਕੀਮ ਆਦਿ ਦੀ ਸੀ।ਪੰਜਾਬ ਸਕੱਤਰੇਤ ਨੇ ਮੁਲਾਜ਼ਮਾਂ ਦੇ ਬਦਲੇ ਹੋਏ ਰੰਗ ਤੇ ਤੇਵਰ ਇੱਕੋ ਸਮੇਂ ਦੇਖੇ। ਪਹਿਲਾਂ ਪਿਛਾਂਹ ਚੱਲਦੇ ਹਾਂ, ਜਦੋਂ ਮੁੱਖ ਮੰਤਰੀ ਭਗਵੰਤ ਮਾਨ 16 ਮਾਰਚ 2022 ਨੂੰ ਬੁੱਧਵਾਰ ਵਾਲੇ ਦਿਨ ਠੀਕ ਪੌਣੇ ਚਾਰ ਵਜੇ ਬਤੌਰ ਮੁੱਖ ਮੰਤਰੀ ਪਹਿਲੀ ਵਾਰ ਸਕੱਤਰੇਤ ਪੁੱਜੇ ਸਨ। ਸਕੱਤਰੇਤ ਪਹਿਲੀ ਵਾਰ ਅਜਿਹਾ ਨਜ਼ਾਰਾ ਵੇਖ ਰਿਹਾ ਸੀ। ਹਰ ਮੰਜ਼ਿਲ ਦੀ ਬਾਲਕੋਨੀ 'ਚ ਖੜ੍ਹੇ ਮੁਲਾਜ਼ਮਾਂ ਨੇ ਭਗਵੰਤ ਮਾਨ ਦਾ ਸ਼ਾਹੀ ਸਵਾਗਤ ਕੀਤਾ। ਖ਼ੁਸ਼ੀ 'ਚ ਤਾੜੀਆਂ ਵੱਜੀਆਂ ਸਨ ਅਤੇ ਜ਼ਿੰਦਾਬਾਦ ਦੇ ਨਾਅਰੇ ਵੀ। ਇੱਕ ਨਾਇਕ ਦੀ ਤਰ੍ਹਾਂ ਮੁਲਾਜ਼ਮਾਂ ਨੇ ਸ਼ਾਹੀ ਸਵਾਗਤ ਕੀਤਾ ਸੀ।ਦੱਸਦੇ ਹਨ ਕਿ ਪਹਿਲੀ ਵਾਰ ਕਿਸੇ ਮੁੱਖ ਮੰਤਰੀ ਦਾ ਮੁਲਾਜ਼ਮਾਂ ਵੱਲੋਂ ਏਨੀ ਰੂਹ ਨਾਲ ਸਵਾਗਤ 'ਚ ਕੀਤਾ ਗਿਆ। ਉਸ ਵਕਤ ਮੁਲਾਜ਼ਮਾਂ ਦੇ ਹੱਥਾਂ 'ਚ ਗੁਲਾਬ ਸਨ ਅਤੇ ਅੱਖਾਂ 'ਚ ਸੁਪਨੇ। ਮੁਲਾਜ਼ਮਾਂ ਦੇ ਚਿਹਰਿਆਂ ਤੋਂ ਨਵੀਆਂ ਉਮੀਦਾਂ ਛਲਕ ਰਹੀਆਂ ਸਨ। ਮੁਲਾਜ਼ਮਾਂ ਨੂੰ ਭਰੋਸੇ 'ਚ ਗੜੁੱਚ ਸਨ ਅਤੇ ਚਾਰੇ ਪਾਸੇ ਜਸ਼ਨਾਂ ਦੀ ਗੂੰਜ ਸੀ। ਹੁਣ ਜਦੋਂ ਪੰਜਾਬ ਵਿਧਾਨ ਸਭਾ ਚੋਣਾਂ ਨਜ਼ਦੀਕ ਹਨ ਤਾਂ ਉਹੀ ਸਕੱਤਰੇਤ ਨਵੇਂ ਰੰਗ ਦੇਖ ਰਿਹਾ ਹੈ। ਜਿੱਥੇ ਕਦੇ ਜਸ਼ਨਾਂ ਦੀ ਗੂੰਜ ਪਈ ਸੀ, ਉੱਥੇ ਰੋਹ ਦੀ ਗੂੰਜ ਸੀ। ਜਿਨ੍ਹਾਂ ਹੱਥਾਂ 'ਚ ਗੁਲਾਬ ਦੇ ਫੁੱਲ ਸਨ, ਉਨ੍ਹਾਂ ਹੱਥਾਂ 'ਚ ਮੁਲਾਜ਼ਮਾਂ ਨੇ ਤਖ਼ਤੀਆਂ

ਬਾਕੀ ਸਫ਼ਾ 23 'ਤੇ

GOLDEN HARMONY CARE
ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆਕੇ ਅਸੀਂ ਕਰਾਂਗੇ
ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ।
ਹੁਣੇ ਕਾਲ ਕਰੋ - 403-439-6688
goldenharmonycare@gmail.com
info@goldenharmonycare.ca
www.goldenharmonycare.ca
ਘਰ ਵਿੱਚ ਦੇਖਭਾਲ ਸੇਵਾ
☑ ਨਿੱਜੀ ਦੇਖਭਾਲ
☑ ਡਿਮੈਂਸ਼ੀਆਂ ਕੇਅਰ
☑ ਖਾਣਾ ਬਣਾਉਣਾ
☑ ਸਫਾਈ
☑ ਸਾਥ-ਸੰਗਤ
☑ ਹੋਸਪਿਸ ਸਮਰਥਨ
☑ ਆਵਾਜਾਈ ਸੇਵਾ
☑ ਰੈਸਪਾਈਟ ਕੇਅਰ
☑ ਨਰਸਿੰਗ ਸੇਵਾਵਾਂ
☑ 24 ਘੰਟੇ ਦੇਖਭਾਲ
ਕੈਲਗਰੀ, ਐਡਮੰਟਨ ਅਤੇ ਆਲੇ-ਦੁਆਲੇ ਦੇ ਸਾਰੇ ਖੇਤਰਾਂ ਵਿੱਚ ਸੇਵਾ ਪ੍ਰਦਾਨ ਕਰਦਾ ਹੈ
ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner harmanb@bnadebtsolutions.ca
Simmie Pandher Senior Administrator Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

Narmaan Sidhu
Mortgage Expert
License # 510430
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
3875 - 108th Avenue NE Calgary.

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

HARMONY®

# HARBOUR

## ਜਿੱਥੇ ਹਰ ਮੌਸਮ ਘਰ ਵਰਗਾ ਲੱਗਦਾ ਹੈ



ਸਹਿਰੀ ਰਹਿਣ ਸਹਿਣ ਵਿੱਚ ਵੱਡੀਆਂ ਲਾਟਾਂ,ਜੋ ਤੁਹਾਨੂੰ ਹੋਰ ਕਿਧਰੇ ਨਹੀਂ ਮਿਲਦੀਆਂ

ਹਰ ਮੌਸਮ ਲਈ ਸਥਾਪਿਤ ਸਹੂਲਤਾਂ ਅਤੇ ਗਤੀਵਿਧੀਆਂ

2027 ਵਿੱਚ ਖੁੱਲੇਗਾ ਨਵਾਂ ਹਾਰਮਨੀ ਹਾਰਬਰ ਬੀਚ

ਲੇਕ ਅਤੇ ਬੀਚ.ਗੋਲਫ.ਭਵਿੱਖੀ ਨੌਰਡਿਕ ਸਪਾ.ਸਕੇਟਿੰਗ ਰਿੰਕ.ਖੇਡ ਮੈਦਾਨ ਅਤੇ ਪਾਰਕ

**$500 ਦੇ ਮੱਧ ਤੋਂ ਸ਼ੁਰੂ ਹੋਣ ਵਾਲੀ ਕਿਫਾਇਤੀ ਝੀਲ ਦੀ ਰਿਹਾਇਸ਼**

liveinharmony.ca/harmonyharbour




The Punjabi Newspaper
ਪੰਜਾਬੀਅਤ ਦਾ ਪ੍ਰਕਾਸ਼
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Vol: 13 No: 299 Website : www.punjabiakhbaar.ca Email: editor@punjabiakhbaar.ca Friday, 4 September 2026

# ਤਿੰਨ ਜਿਮਨੀ ਚੋਣਾਂ ਜਿੱਤਣ ਉਪਰੰਤ ਮਾਰਕ ਕਾਰਨੀ ਦੀ ਸਰਕਾਰ ਨੂੰ ਬਹੁਮੱਤ ਮਿਲਿਆ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਮੰਤਰੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਘੱਟ ਗਿਣਤੀ ਸਰਕਾਰ ਹੁਣ ਸਪਸ਼ਟ ਬਹੁਮਤ ਵਿੱਚ ਆ ਗਈ ਹੈ ਕਿਉਂਕਿ ਬੀਤੇ ਦਿਨ ਕੈਨੇਡਾ ਦੀਆਂ ਤਿੰਨ ਲਿਬਰਲ ਸੀਟਾਂ ਦੇ ਉੱਪਰ ਹੋਈ ਜਿਮਨੀ ਚੋਣ ਜਾਂ ਬਾਇ ਇਲੈਕਸ਼ਨ ਦੌਰਾਨ ਤਿੰਨੇ ਸੀਟਾਂ ਲਿਬਰਲ ਪਾਰਟੀ ਵੱਲੋਂ ਜਿੱਤ ਲਈਆਂ ਗਈਆਂ ਹਨ।



ਕਿਊਬੈਕ ਦੀ ਚਿਕੋਡਮੀਲੇ ਪਿਓਰ ਸੀਟ ਦੇ ਉੱਪਰ ਲਿਬਰਲ ਪਾਰਟੀ ਨੇ ਜਿੱਤ ਹਾਸਲ ਕੀਤੀ ਹੈ ਅਤੇ ਇੱਥੋਂ ਹੁਣ ਡੈਨੀਅਲ ਗੋਬਿਲ ਐਮਪੀ ਹੋਣਗੇ। ਦੂਜੀ ਸੀਟ ਟੌਰਾਂਟੋ ਦੀ ਬੀਚਸ ਈਸਟ ਯਾਰਕ ਜਿਸ ਉਪਰ ਤਨਵੀਰ ਸ਼ਾਹ ਨਵਾਜ਼ ਜੋ ਲਿਬਰਲ ਪਾਰਟੀ ਦੇ ਉਮੀਦਵਾਰ ਨੇ ਉਹਨਾਂ ਨੇ ਜਿੱਤ ਹਾਸਿਲ ਕੀਤੀ ਹੈ। ਇਹ ਸੀਟ ਸਾਬਕਾ ਕੈਬਨਿਟ ਮੰਤਰੀ ਨੇਟ ਇਸ ਕਾਇਨ ਸਮਿਥ ਦੇ ਕਾਰਨ ਖਾਲੀ ਹੋਈ ਸੀ ਜਿਨਾਂ ਨੇ ਪਹਿਲਾਂ ਸੂਬਾਈ ਚੋਣਾਂ ਵਿੱਚ ਹਿੱਸਾ ਲੈਣ ਦਾ ਫੈਸਲਾ ਕੀਤਾ ਸੀ ਪਰ ਬਾਅਦ ਵਿੱਚ ਉਹਨਾਂ ਨੇ ਟੌਰੋਂਟੋ ਦੀਆਂ ਸਥਾਨਕ ਚੋਣਾਂ ਦੇ ਵਿੱਚ ਹਿੱਸਾ ਲਿਆ ਸੀ। ਤੀਜੀ ਜਿੱਤੀ ਸੀਟ ਨੌਰਥ ਵੈਨਕੂਵਰ ਕੈਪਲੀਆਨੋ ਸੀਟ ਹੈ ਜੋ ਕਿ ਬਰਾਡਨ ਕੈਲੇ ਵੱਲੋਂ ਜਿੱਤੀ ਗਈ ਹੈ । ਵਰਨਣਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਦੇ ਵਿੱਚ ਮੰਤਰੀ ਰਹੇ ਜੋਨਥਨ ਵਿਲਕਨਸਨ ਇਸ ਸੀਟ ਤੋਂ ਜੇਤੂ ਰਹੇ ਸਨ ਪਰ ਉਹਨਾਂ ਨੂੰ ਹੁਣ ਯੂਰਪੀ ਯੂਨੀਅਨ ਦੇ ਵਿੱਚ ਨਿਯੁਕਤ ਕਰ ਦਿੱਤਾ ਗਿਆ ਜਿਸ ਕਾਰਨ ਹੁਣ ਇਹ ਸੀਟ ਦੇ ਉੱਪਰ ਜਿਮਨੀ ਚੋਣ ਹੋਈ ਜੋ ਕਿ ਲਿਬਰਲ ਪਾਰਟੀ ਨੇ ਵਾਪਸ ਜਿੱਤ ਲਈ ਹੈ। ਇਹਨਾਂ ਤਿੰਨਾਂ ਸੀਟਾਂ ਦੇ ਜਿੱਤਣ ਦੇ ਨਾਲ ਹੁਣ ਪ੍ਰਧਾਨ ਮੰਤਰੀ ਮਾਰਕਕਾਰਨੀ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਦੀਆਂ 173 ਸੀਟਾਂ ਹੋ ਗਈਆਂ ਹਨ ਅਤੇ ਹੁਣ ਉਹਨਾਂ ਕੋਲ ਸਪਸ਼ਟ ਬਹੁਮਤ ਹੋ ਗਿਆ ਹੈ। 343 ਸੀਟਾਂ ਵਾਲੀ ਹਾਊਸ ਆਫ ਕਾਮਨ ਦੇ ਵਿੱਚ ਸਪਸ਼ਟ ਬਹੁਮਤ ਵਾਸਤੇ 172 ਸੀਟਾਂ ਦੀ ਲੋੜ ਹੈ ਤੇ ਹੁਣ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਸਰਕਾਰ ਦੀਆਂ 173 ਸੀਟਾਂ ਹੋ ਗਈਆਂ ਹਨ। ਹੁਣ ਉਹਨਾਂ ਨੂੰ ਕਿਸੇ ਵੀ ਬਿੱਲ ਨੂੰ ਪਾਸ ਕਰਵਾਉਣ ਵਾਸਤੇ ਕਿਸੇ ਵੀ ਹੋਰ ਸਿਆਸੀ ਧਿਰ ਵੱਲ ਨਹੀਂ ਦੇਖਣਾ ਪਵੇਗਾ। ਮੌਜੂਦਾ ਸਮੇਂ ਹਾਊਸ ਆਫ ਕਾਮਨ ਦੇ ਵਿੱਚ ਵੱਖ-ਵੱਖ ਪਾਰਟੀਆਂ ਦੀ ਸ਼ਮੂਲੀਅਤ ਦੇਖੀਏ ਤਾਂ ਲਿਬਰਲ ਪਾਰਟੀ ਕੋਲ 173 ਮੈਂਬਰ ਹਨ। ਕੰਜਰਵੇਟਿਵ ਪਾਰਟੀ ਦੇ 138 ਮੈਂਬਰ, ਬਲਾਕ ਕਿਊਬਿਕ 21 ਮੈਂਬਰ, ਐਨਡੀਪੀ ਦੇ 5 ਐਮ ਪੀ, ਜਦਕਿ ਗ੍ਰੀਨ ਪਾਰਟੀ ਦੀ ਇੱਕ ਮੈਂਬਰ ਹੈ ਤੇ ਅਜੇ ਵੀ ਪੰਜ ਸੀਟਾਂ ਖਾਲੀ ਹਨ।







PUNJAB TOWING
Punjab Towing Regina (SK)
New horizon park #9 building, Pilot Butte, SK S0G 3Z0
Punjab Towing Swift Current (SK )
1975 Chaplin St W, Swift Current, SK S9H 5G6
Now Service Saskatoon & Surrounding Areas
1 306 552 9629, 1 306 510 4929
Dispatch@punjabtowing.co
Semi truck, trailer towing expert
Tow & recovery, storage service
Anywhere in SK, AB, MB, BC, ON 24/7 available















# ਸ: ਵਰਿੰਦਰਜੀਤ ਸਿੰਘ ਭੱਟੀ ਦਸ਼ਮੇਸ਼ ਕਲਚਰ ਸੀਨੀਅਰ ਸਿਟੀਜਨ ਸੋਸਾਇਟੀ ਦੇ ਸੱਤਵੀਂ ਵਾਰ ਪ੍ਰਧਾਨ ਚੁਣੇ ਗਏ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ )ਕੈਲਗਰੀ ਵਿਖੇ ਸਥਿੱਤ ਬਜ਼ੁਰਗਾਂ ਦੀ ਸਭ ਤੋਂ ਵੱਡੀ ਸੰਸਥਾ ਦਸ਼ਮੇਸ਼ ਕਲਚਰ ਸੀਨੀਅਰ ਸਿਟੀਜਨ ਸੋਸਾਇਟੀ ਦੀ ਚੋਣ ਸਰਬ ਸੰਮਤੀ ਨਾਲ ਹੋਈ ।ਇਸ ਚੋਣ ਵਿੱਚ ਸੁਸਾਇਟੀ ਦੇ ਨਾਲ ਬੜੇ ਲੰਬੇ ਸਮੇਂ ਤੋਂ ਜੁੜੇ ਹੋਏ ਸਰਦਾਰ ਵਰਿੰਦਰਜੀਤ ਸਿੰਘ ਭੱਟੀ ਨੂੰ ਸੱਤਵੀਂ ਵਾਰ ਪ੍ਰਧਾਨ ਦੇ ਅਹੁਦੇ ਨਾਲ ਨਿਵਾਜਿਆ ਗਿਆ, ਜਦੋਂ ਕਿ ਵਾਈਸ ਪ੍ਰਧਾਨ ਦੀ ਜਿੰਮੇਵਾਰੀ ਲਹਿਰੇ ਮੁਹੱਬਤ ਵਾਲੇ ਰਿਟਾਇਰਡ ਠਾਣੇਦਾਰ ਹਰਬੰਸ ਸਿੰਘ ਸਿੱਧੂ ਦੇ ਹਿੱਸੇ ਆਈ । ਜਸਵੰਤ ਸਿੰਘ ਤੱਖੜ ਨੇ ਸੈਕਟਰੀ ਦਾ ਅਹੁਦਾ ਸੰਭਾਲਿਆ ਜਦੋਂ ਕਿ ਹਰਜੀਤ ਸਿੰਘ ਹੰਸ ਦੇ ਹਿੱਸੇ ਡਾਲਰਾਂ ਦੀ ਸਾਂਭ ਸੰਭਾਲ ਵਾਲਾ ਕੰਮ ਕੈਸ਼ੀਅਰ ਦੇ ਰੂਪ ਵਿੱਚ ਆਇਆ । ਇਸ ਤੋਂ ਇਲਾਵਾ ਸੁਖਦੇਵ ਸਿੰਘ ਉੱਪਲ ,ਕਰਨੈਲ ਸਿੰਘ ਗਰੇਵਾਲ ,ਜਸਵੰਤ ਸਿੰਘ ਧਾਲੀਵਾਲ ,ਭਾਗ ਸਿੰਘ ਸੇਖੋਂ ,ਜਗਤਾਰ ਸਿੰਘ ਬਰਾੜ ,ਸੁਖਵਿੰਦਰ ਸਿੰਘ ਮਾਨ ,ਅਤੇ ਬਲਦੇਵ ਸਿੰਘ ਬਾਠ ਡਾਇਰੈਕਟਰ ਚੁਣੇ ਗਏ । ਚੁਣੀ ਗਈ ਇਹ ਨਵੀਂ ਪਰਬੰਧਕੀ ਟੀਮ ਸਾਲ 2026 ਤੋਂ ਲੈਕੇ ਸਾਲ 2028 ਤੱਕ ਸੇਵਾਵਾਂ ਨਿਭਾਵੇਗੀ।ਵਰਨਣਯੋਗ ਹੈ ਕਿ ਗੁਰਦੁਆਰਾ ਦਸ਼ਮੇਸ਼ ਕਲਚਰ ਸਾਹਿਬ ਦੇ ਗਲਿਆਰੇ ਅੰਦਰ ਹੀ ਇੱਕ ਮਕਾਨ ਦੇ ਰੂਪ ਵਿੱਚ ਇਸ ਸੋਸਾਇਟੀ ਦਾ ਮੁੱਖ ਦਫਤਰ ਹੈ ਅਤੇ ਹਰ ਰੋਜ਼ ਸੈਂਕੜਿਆਂ ਦੀ ਗਿਣਤੀ ਵਿੱਚ ਬਜ਼ੁਰਗ ਇਸ ਜਗ੍ਹਾ ਉੱਪਰ ਇਕੱਠੇ ਹੋ ਕੇ ਆਪਣੀ ਜ਼ਿੰਦਗੀ ਦੀਆਂ ਸਾਂਝਾਂ ਨੂੰ ਗੱਲਾਂ ਬਾਤਾਂ ਦੇ ਰੂਪ ਵਿੱਚ ਬਰਕਰਾਰ ਰੱਖਦੇ ਹਨ।




ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220




ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ

App Store | Play Store



# ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਕੈਲਗਰੀ ਨੇ ਆਜ਼ਾਦੀ ਦਿਹਾੜੇ ਮੌਕੇ ਆਪਣੇ ਮੈਂਬਰਾਂ ਦੇ ਜਨਮਦਿਨ ਵੀ ਮਨਾਏ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ)ਬੀਤੇ ਦਿਨੀ ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਕੈਲਗਰੀ ਵੱਲੋਂ ਇੰਡੀਆ ਦਾ ਆਜ਼ਾਦੀ ਦਿਨ ਮਨਾਉਂਦਿਆਂ ਭਰਵੀਂ ਹਾਜ਼ਰੀ ਵਿੱਚ ਆਪਣੇ ਮੈਂਬਰਾਂ ਦੇ ਜਨਮਦਿਨ ਵੀ ਮਨਾਏ ਗਏ। ਪ੍ਰੋਗਰਾਮ ਦੇ ਸ਼ੁਰੂ ਵਿੱਚ ਸੋਹਣ ਭੁੱਚੋ ਨੇ ਵੱਖਰੇ ਅੰਦਾਜ਼ ਵਿੱਚ ਭਾਰਤ ਦੀ ਆਜ਼ਾਦੀ ਅਤੇ ਸ਼ਹੀਦੇ ਆਜ਼ਮ ਭਗਤ ਸਿੰਘ ਬਾਰੇ ਕਵਿਤਾ ਪੇਸ਼ ਕੀਤੀ। ਗੁਰਿੰਦਰ ਬਰਾੜ ਅਤੇ ਇਰਫਾਨ ਸਾਬਿਰ ਐਮ ਐਲ ਏ ਹੋਰਾਂ ਨੇ ਕਨੇਡਾ ਭਾਰਤ ਅਤੇ ਪਾਕਿਸਤਾਨ ਦੇ ਮੌਜੂਦਾ ਹਾਲਾਤ ਅਤੇ ਅਲਬਰਟਾ ਵਿੱਚ ਹੋ ਰਹੇ ਰੈਫਰੈਂਡਮ ਬਾਰੇ ਆਪਣੇ ਵਿਚਾਰ ਰੱਖੇ। ਜਰਨੈਲ ਤੱਗੜ ਨੇ ਕਵਿਤਾ ਸੁਣਾਈ। ਪ੍ਰਿੰਸੀਪਲ ਸਤਪਾਲ ਕੌਸ਼ਲ ਨੇ ਭਾਰਤ ਦੀ ਆਜ਼ਾਦੀ ਤੇ ਉਸ ਸਮੇਂ ਹੋਈ ਬਰਬਾਦੀ ਦਾ ਖਾਸ ਤੌਰ ਤੇ ਜ਼ਿਕਰ ਕੀਤਾ। ਜੋਗਾ ਸਿੰਘ ਦੀ ਸੁਰੀਲੀ ਆਵਾਜ਼ ਸਭ ਨੂੰ ਕੀਲ ਗਈ। ਮਾਸਟਰ ਬਚਿੱਤਰ ਸਿੰਘ ਗਿੱਲ ਨੇ 1857 ਤੋਂ ਲੈ ਕੇ ਆਜ਼ਾਦੀ ਦਾ ਇਤਿਹਾਸ ਉਸ ਵਿੱਚ ਵਾਪਰੀਆਂ ਘਟਨਾਵਾਂ ਲਹਿਰਾਂ ਤੇ



ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਸੰਖੇਪ ਵਿੱਚ ਜ਼ਿਕਰ ਕੀਤਾ। ਮਲਕੀਤ ਸਿੰਘ ਨੇ ਝੰਡਾ ਉੱਚਾ ਰਹੇ ਹਮਾਰਾ ਕਵਿਤਾ ਸੁਣਾਈ । ਮਲਿਕ ਆਰਿਫ ਨੇ ਆਪਣਾ ਕਲਾਮ ਬੁਲੰਦ ਆਵਾਜ਼ ਵਿੱਚ ਸੁਣਾਇਆ ਅਤੇ ਹੀਰ ਵੀ ਪੇਸ਼ ਕੀਤੀ। ਬਿੱਕਰ ਸਿੰਘ ਨੇ ਅਹਿਮ ਮੁੱਦਿਆਂ ਉੱਪਰ ਵਿਚਾਰ ਪੇਸ਼ ਕੀਤੇ। ਦੂਸਰੇ ਗੇੜ ਵਿੱਚ ਮਾਸਟਰ ਬਚਿੱਤਰ ਸਿੰਘ ਗਿੱਲ ਨੇ ਆਪਣੀ ਖੁਦ ਦੀ ਲਿਖੀ ਹੋਈ ਕਵੀਸ਼ਰੀ ਸੁਣਾ ਕੇ ਚੰਗਾ ਰੰਗ ਬੰਨਿਆ। ਅੰਤ ਵਿੱਚ ਇੰਕਾ ਦੇ ਪ੍ਰੈਜੀਡੈਂਟ ਮੇਜਰ ਸਿੰਘ ਧਾਲੀਵਾਲ ਨੇ ਕਿਹਾ ਕਿ ਸਾਨੂੰ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਉਹਨਾਂ ਵੰਡ ਦੇ ਸਮੇਂ ਮਾਰੇ ਗਏ ਲੱਖਾਂ ਲੋਕਾਂ ਨੂੰ ਸ਼ਰਧਾਂਜਲੀ ਵੀ ਭੇਂਟ ਕੀਤੀ। ਚਾਹ ਪਾਣੀ ਦੀ ਸੇਵਾ ਗੁਰਮੁਖ ਸਿੰਘ ਕੂਨਰ, ਠਾਣਾ ਸਿੰਘ ਗਿੱਲ,ਅਤੇ ਕੁਲਬੀਰ ਕਾਲਕਟ ਹੋਰਾਂ ਦੇ ਜਿੰਮੇ ਸੀ। ਸੁਸਾਇਟੀ ਦੇ ਜਨਲ ਸਕੱਤਰ ਦਰਸ਼ਨ ਔਲਖ ਨੇ ਮੰਚ ਸੰਚਾਲਨ ਦੀ ਜਿੰਮੇਵਾਰੀ ਬਾਖੂਬੀ ਨਿਭਾਈ।

# ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਸਾਹਿਤਕਾਰ ਤੇ ਪੱਤਰਕਾਰ ਡਾ: ਸੁਖਦੇਵ ਸਿੰਘ ਝੰਡ ਦਾ ਮਾਣ-ਸਨਮਾਨ

ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਅਗਸਤ ਮਹੀਨੇ ਦੀ ਇਕੱਤਰਤਾ ਪ੍ਰਧਾਨ ਸੁਰਿੰਦਰ ਗੀਤ, ਸਾਹਿਤਕਾਰ ਤੇ ਪੱਤਰਕਾਰ ਡਾ: ਸੁਖਦੇਵ ਸਿੰਘ ਝੰਡ ਅਤੇ ਉਨ੍ਹਾਂ ਦੀ ਧਰਮ ਪਤਨੀ ਸਰਦਾਰਨੀ ਜਗਦੀਸ਼ ਕੌਰ ਝੰਡ ਦੀ ਪ੍ਰਧਾਨਗੀ ਵਿੱਚ ਸਾਹਿਤ-ਪ੍ਰੇਮੀਆਂ ਦੀ ਭਰਵੀਂ ਹਾਜ਼ਰੀ 'ਚ ਹੋਈ। ਇਸ ਇਕੱਤਰਤਾ ਵਿੱਚ ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਸਾਹਿਤਕਾਰ ਤੇ ਪੱਤਰਕਾਰ ਡਾ। ਸੁਖਦੇਵ ਸਿੰਘ ਝੰਡ ਨੂੰ ਪੰਜਾਬੀ ਸਾਹਿਤ ਅਤੇ ਪੱਤਰਕਾਰੀ ਵਿੱਚ ਪਾਏ ਗਏ ਉਨ੍ਹਾਂ ਵੱਲੋਂ ਯੋਗਦਾਨ ਦੇ ਸਨਮਾਨ ਵਿੱਚ ਸ਼ਾਨਦਾਰ ਸਨਮਾਨ-ਚਿੰਨ੍ਹ ਭੇਟਾ ਕੀਤਾ ਗਿਆ ।



ਸਭਾ ਦੇ ਜਨਰਲ ਸਕੱਤਰ ਇੰਜ: ਗੁਰਦਿਆਲ ਸਿੰਘ ਖਹਿਰਾ ਨੇ ਡਾ: ਸੁਖਦੇਵ ਸਿੰਘ ਝੰਡ ਦੀ ਜੀਵਨ ਅਤੇ ਸਾਹਿਤਕ ਪ੍ਰਾਪਤੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਡਾ: ਸੁਖਦੇਵ ਸਿੰਘ ਝੰਡ ਹੋਰਾਂ ਨੇ 'ਪੰਜਾਬ ਦੇ ਲੋਕ-ਰੁੱਖ' (2000), 'ਸਾਡੇ ਰੁੱਖ' (2010), ਉੱਤਰੀ ਅਮਰੀਕਨ ਰੁੱਖ' (2015), 'ਕਦੋਂ' (ਕਾਵਿ ਸੰਗ੍ਰਹਿ, (2015), ਪੱਤੇ ਤੇ ਪਰਛਾਵੇਂ' (ਸਵੈ ਜੀਵਨੀ, 2019) ਅਤੇ 'ਪੁਰਖਿਆਂ ਦਾ ਦੇਸ਼ : ਸਫ਼ਰਨਾਮਾ (2025) ਅਤੇ ਆਪਣੀ ਜੀਵਨ-ਗਾਥਾ (2026) ਤੋਂ ਇਲਾਵਾ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ ਨਾਲ ਸਬੰਧਿਤ ਤਿੰਨ ਪੁਸਤਕਾਂ 'Giude to Reference Booksi n Punjaib' (2011), 'Dewey Deicmal Clasisifcaiton : A Pracitcal Giude' (2012) 'Colon Clasisifcaiton : Oirign, Development and Future Prospectus' (2023) ਲਿਖ ਕੇ ਪੰਜਾਬੀ ਸਾਹਿਤ ਅਤੇ ਲਾਇਬ੍ਰੇਰੀ ਸਾਇੰਸ ਦੇ ਖ਼ੇਤਰ ਵਿੱਚ ਭਰਵਾਂ ਯੋਗਦਾਨ ਪਾਇਆ ਹੈ। ਡਾ: ਸੁਖਦੇਵ ਸਿੰਘ ਝੰਡ ਹੋਰਾਂ ਹਾਜ਼ਰੀਨ ਦੇ ਰੂਬਰੂ ਹੁੰਦਿਆਂ ਆਪਣੇ ਸਮੁੱਚੇ ਜੀਵਨ, ਜੀਵਨ ਦੇ ਵਿੰਗੇ-ਟੇਢੇ ਰਾਹਾਂ ਤੇ ਉਤਰਾਅ-ਚੜ੍ਹਾਵਾਂ ਦਾ ਖੁੱਲ੍ਹਮ-ਖੁੱਲ੍ਹਾ ਵਰਣਨ ਕੀਤਾ ਜੋ ਹਾਜ਼ਰੀਨ ਲਈ ਜੀਵਨ-ਦਰਸ ਹੋ ਨਿੱਬੜਿਆ। ਇੱਥੇ ਇਹ ਜ਼ਿਕਰਯੋਗ ਹੈ ਕਿ ਡਾ: ਸੁਖਦੇਵ ਸਿੰਘ ਝੰਡ ਕੈਲਗਰੀ ਦੀ ਜਾਣੀ-ਪਹਿਚਾਣੀ ਸ਼ਖ਼ਸੀਅਤ ਗੁਰਚਰਨ ਕੌਰ ਥਿੰਦ ਦੇ ਵੱਡੇ ਭਰਾ ਹਨ । ਰਚਨਾਵਾਂ ਦੇ ਦੌਰ ਵਿਚ ਜਸਵੀਰ ਸਿੰਘ ਸਹੋਤਾ, ਗਿੱਲ ਸੁਖਮੰਦਰ, ਸੁਰਿੰਦਰ ਢਿੱਲੋਂ, ਚਰਨਦੀਪ ਕੌਰ, ਰਵੀ ਜਨਾਗਲ, ਮਨਿੰਦਰ ਕੌਰ, ਰਮਨ ਗਿੱਲ, ਸੁਰਿੰਦਰ ਗੀਤ, ਗੁਰਚਰਨ ਕੌਰ ਥਿੰਦ, ਜਰਨੈਲ ਤੱਗੜ, ਲਖਵਿੰਦਰ ਸਿੱਧੂ, ਮਨਮੋਹਨ ਬਾਠ,ਅਲਬੇਲ ਬਰਾੜ, ਸਰਬਜੀਤ ਉੱਪਲ, ਜੀਰ ਸਿੰਘ ਬਰਾੜ, ਇੰਜ। ਦਰਸ਼ਨ ਸਿੰਘ ਮਹਿਰੋਕ, ਮਾਸਟਰ ਹਰਭਜਨ ਸਿੰਘ, ਗੁਰਦੀਪ ਸਿੰਘ ਧਾਲੀਵਾਲ, ਮਨਮੋਹਨ ਸਿੰਘ ਬਾਠ ਤੇ ਹੋਰਨਾਂ ਨੇ ਭਾਗ ਲਿਆ। ਬਾ-ਕਮਾਲ ਰਚਨਾਵਾਂ ਤੋਂ ਇਲਾਵਾ ਸਰੋਤਿਆਂ ਵੱਲੋਂ ਆਏ ਵਡਮੁੱਲੇ ਵਿਚਾਰਾਂ ਨੇ ਦਿਲ-ਦਿਮਾਗ਼ ਨੂੰ ਰੌਸ਼ਨ ਕੀਤਾ । ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਆਪਣੀ ਇਕ ਗ਼ਜ਼ਲ ਤਰੰਨਮ ਵਿੱਚ ਪੇਸ਼ ਕੀਤੀ। ਇਸ ਤੋਂ ਇਲਾਵਾ ਜਗਦੇਵ ਸਿੰਘ ਸਿੱਧੂ, ਗੁਰਬਖ਼ਸ਼ ਸਿੰਘ ਗਿੱਲ, ਜਸਵੰਤ ਸਿੰਘ ਕਪੂਰ, ਮਲਿਕ ਆਰਿਫ਼, ਹਰਮਿੰਦਰ ਸਿੰਘ ਨੇ ਹਾਜ਼ਰੀ ਲਗਵਾਈ।ਮੰਚ-ਸੰਚਾਲਨ ਦਾ ਕੰਮ ਗੁਰਦਿਆਲ ਸਿੰਘ ਖਹਿਰਾ ਨੇ ਬੜੇ ਸੁਚੱਜੇ ਅਤੇ ਸੁਲਝੇ ਢੰਗ ਨਾਲ ਨਿਭਾਇਆ।



# ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦਾ ਸਾਲਾਨਾ ਇਜਲਾਸ ਹੋਇਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੀ ਸਾਲਾਨਾ ਮੀਟਿੰਗ ਮੌਂਟਰੀ ਪਾਰਕ ਹਾਲ ਵਿੱਚ 28 ਅਗਸਤ ਦਿਨ ਸ਼ੁੱਕਰਵਾਰ ਨੂੰ ਬਾਦ ਦੁਪਹਿਰ ਇੱਕ ਵਜੇ ਐਸੋਸੀਏਸ਼ਨ ਦੀ ਸਾਲਾਨਾ ਮੀਟਿੰਗ ਹੋਈ ਜਿਸ ਵਿੱਚ 90 ਮੈਂਬਰਾਂ ਨੇ ਹਿੱਸਾ ਲਿਆ। ਹਮੇਸ਼ਾ ਵਾਂਗ ਸਾਰਿਆਂ ਦੇ ਖਾਣਾ ਖਾ ਲੈਣ ਤੋਂ ਬਾਦ ਮੀਟਿੰਗ ਦੀ ਸ਼ੁਰੂਆਤ 15 ਸੀਨੀਅਰ ਮੈਂਬਰਾਂ ਨੂੰ ਉਹਨਾਂ ਦੇ ਜਨਮ ਦਿਨ ਦੀਆਂ ਸ਼ੁਭਕਾਮਨਾਵਾਂ ਦੇ ਕੇ ਕੀਤੀ ਗਈ। ਸੁਰਜੀਤ ਸਿੰਘ ਹੇਅਰ ਨੇ ਦੱਸਿਆ ਕਿ 27 ਅਗਸਤ 2013 ਨੂੰ ਹੋਂਦ ਵਿੱਚ ਆਈ ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਵੀ ਅੱਜ ਆਪਣਾ ਤੇਰਵਾਂ ਜਨਮ ਦਿਨ ਮਨਾ ਰਹੀ ਹੈ। ਬੀਤੇ ਸਮੇਂ ਵਿੱਚ ਦਿੱਤੇ ਸਹਿਯੋਗ ਲਈ ਸਾਰੇ ਮੈਂਬਰਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ ਤੇ ਬੋਰਡ ਦੇ ਮੈਬਰਾਂ( ਸੁਰਿੰਦਰ ਕਾਲੀਆ, ਨਿਰਮਲ ਕੁਲਾਰ,ਪਰਬੇਸ਼ ਪਰਹਾਰ,ਤਰਸੇਮ ਕੌੜਾ,ਰਾਮ ਬਰਾੜ,ਦਰਸ਼ਨ ਧਾਲੀਵਾਲ ਤੇ ਮੰਜੂ ਅਗਰਵਾਲ) ਦੀਆਂ ਨਿਰਸਵਾਰਥ ਸੇਵਾਵਾਂ ਦੀ ਉਚੇਚੇ ਤੌਰ ਤੇ ਪ੍ਰਸ਼ੰਸਾ ਕੀਤੀ ਗਈ । ਉਸ ਤੋਂ ਬਾਅਦ ਨਵੇਂ ਬੋਰਡ ਦੀ ਚੋਣ ਦੀ ਪ੍ਰੀਕਿਰਿਆ ਸ਼ੁਰੂ ਹੋਈ, ਪ੍ਰਗਣ ਸਿੰਘ ਰਾਏ ਤੇ ਜਸਵਿੰਦਰ ਸਿੰਘ ਗਿੱਲ ਅੰਤਰਿਮ ਚੋਣ ਚੇਅਰ ਲਈ ਚੁਣੇ ਗਏ, ਬੋਰਡ ਭੰਗ ਕਰਨ ਤੋਂ ਬਾਅਦ ਨਵਾਂ ਪ੍ਰਬੰਧਕੀ ਬੋਰਡ ਸਰਬਸੰਮਤੀ ਨਾਲ ਚੁਣ ਲਿਆ ਗਿਆ। ਨਵੇਂ ਅਹੁਦੇਦਾਰਾਂ ਦੇ ਨਾਮ ਇਸ ਪ੍ਰਕਾਰ ਹਨ- ਸੁਰਜੀਤ ਸਿੰਘ ਹੇਅਰ ਪ੍ਰਧਾਨ, ਸੁਰਿੰਦਰ ਕਾਲੀਆ ਉਪ ਪ੍ਰਧਾਨ ਪ੍ਰਬੇਸ਼ ਪ੍ਰਹਾਰ ਸਕੱਤਰ ਨਿਰਮਲ ਸਿੰਘ ਕੁਲਾਰ ਖ਼ਜ਼ਾਨਚੀ ਡਾਇਰੈਕਟਰ — ਮੰਜੂ ਅਗਰਵਾਲ, ਰਾਮ ਸਿੰਘ ਬਰਾੜ, ਤਰਸੇਮ ਲਾਲ ਕੌੜਾ, ਦਰਸ਼ਨ ਸਿੰਘ ਧਾਲੀਵਾਲ ਫਿਰ ਮਨੋਰੰਜਨ ਦਾ ਦੌਰ ਸ਼ੁਰੂ ਹੋਇਆ ਤਾਂ ਲਹਿੰਦੇ ਪੰਜਾਬ ਤੋਂ ਮੁਨੱਵਰ ਅਹਿਮਦ ਨੇ ਪੰਜਾਬ ਦਾ ਲੋਕ ਗੀਤ ਮਾਹੀਆ ਤੇ ਟੱਪੇ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ । ਮਾਸਟਰ ਬਚਿੱਤਰ ਸਿੰਘ ਗਿੱਲ ਨੇ ਭਾਰਤ ਦੇ ਰਾਜਨੀਤਕ ਹਾਲਾਤਾਂ ਨਾਲ ਸਬੰਧਿਤ ਆਪਣੀ ਲਿਖੀ ਰਚਨਾ ਕਵੀਸ਼ਰੀ ਦੇ ਰੂਪ ਵਿੱਚ ਪੇਸ਼ ਕੀਤੀ । ਜਿਸ ਨੂੰ ਸਾਰਿਆਂ ਨੇ ਪਸੰਦ ਕੀਤਾ। ਲੋਕਾਂ ਦੀ ਫਰਮਾਇਸ਼ ਤੇ ਮੁਨੱਵਰ ਅਹਿਮਦ ਨੇ ਵਾਰਿਸ ਸ਼ਾਹ ਦੀ ਹੀਰ ਦਾ ਕਲਾਮ ਪੇਸ਼ ਕੀਤਾ। ਚਾਹ ਅਤੇ ਮਿਲਕ ਕੇਕ ਦੇ ਸੇਵਨ ਤੋਂ ਬਾਅਦ ਮੀਟਿੰਗ ਦੀ ਸਮਾਪਤੀ ਹੋ ਗਈ।

# ਰੈੱਡ ਡੀਅਰ ਵਿਖੇ ਖੇਡ ਮੇਲੇ ਮੌਕੇ ਲੱਗੀਆਂ ਖ਼ੂਬ ਰੌਣਕਾਂ



ਰੈੱਡ ਡੀਅਰ, (ਪੰਜਾਬੀ ਅਖ਼ਬਾਰ ਬਿਊਰੋ) ਰੈੱਡ ਡੀਅਰ ਵਿੱਚ Cosco Cup 2026 ਦਾ ਸ਼ਾਨਦਾਰ ਖੇਡ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਅਲਬਰਟਾ ਸਮੇਤ ਵੱਖ-ਵੱਖ ਸ਼ਹਿਰਾਂ ਤੋਂ ਆਈਆਂ ਕੁੱਲ 14 ਟੀਮਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਟੂਰਨਾਮੈਂਟ ਵਿੱਚ Calgary, Edmonton, Red Deer, Medicine Hat ਅਤੇ Surrey ਸਮੇਤ ਵੱਖ-ਵੱਖ ਥਾਵਾਂ ਤੋਂ ਟੀਮਾਂ ਨੇ ਭਾਗ ਲਿਆ। ਪੰਜਾਬੀ ਭਾਈਚਾਰੇ ਦੀ ਖੇਡਾਂ ਪ੍ਰਤੀ ਦਿਲਚਸਪੀ ਅਤੇ ਨੌਜਵਾਨਾਂ ਦੀ ਭਾਗੀਦਾਰੀ ਇਸ ਮੌਕੇ ’ਤੇ ਖਾਸ ਤੌਰ ’ਤੇ ਦੇਖਣ ਨੂੰ ਮਿਲੀ।

ਇਸ ਮੌਕੇ ’ਤੇ Alberta ਦੇ Minister of Primary and Preventative Health Services, ਮਾਣਯੋਗ Adriana LaGrange ਵਿਸ਼ੇਸ਼ ਤੌਰ ’ਤੇ ਪਹੁੰਚੇ ਅਤੇ ਖਿਡਾਰੀਆਂ ਤੇ ਪ੍ਰਬੰਧਕਾਂ ਨਾਲ ਮੁਲਾਕਾਤ ਕੀਤੀ। ਟੂਰਨਾਮੈਂਟ ਦੌਰਾਨ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਦਰਸ਼ਕਾਂ ਨੇ ਵੀ ਪੂਰੇ ਜੋਸ਼ ਨਾਲ ਟੀਮਾਂ ਦਾ ਹੌਸਲਾ ਵਧਾਇਆ। Northeast Punjab Calgary ਵਿਜੇਤਾ ਰਹੀ Cosco Cup 2026 ਦੀ ਸਫਲਤਾ ਵਿੱਚ ਸਪਾਂਸਰਾਂ ਦਾ ਵੀ ਅਹਿਮ ਯੋਗਦਾਨ ਰਿਹਾ। ਇਸ ਮੌਕੇ ਦੇ ਸਪਾਂਸਰਾਂ ਵਿੱਚ ਨਿਸ਼ਾਨ ਸਿੰਘ ਸੰਧੂ , ਸਿਮਰਨਜੀਤ ਸਿੰਘ ਸਲੈਚ, ਉਜਵਲ ਕੌਸ਼ਿਕ, ਅਮਨਦੀਪ ਸਿੰਘ , ਬੈਂਸ , ਫੋਨਟੇਕ , ਗੁਰਪ੍ਰੀਤ ਸਿੰਘ ਨਾਗਰਾ , ਪ੍ਰਕਾਸ਼ ਢਾਬਾ , ਇੰਡੀਅਨ ਫਲੈਮ, ਪੈਟਰੋ ਕੈਨੇਡਾ , ਐਮ ਡੀ ਮੋਟਰਜ਼ ਸ਼ਾਮਲ ਰਹੇ। ਤਾਜ ਭੰਡਾਰੀ ਅਤੇ ਸਮੂਹ ਪ੍ਰਬੰਧਕਾਂ ਵੱਲੋਂ ਸਾਰੇ ਖਿਡਾਰੀਆਂ, ਟੀਮਾਂ, ਦਰਸ਼ਕਾਂ, ਸਪਾਂਸਰਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਹ ਟੂਰਨਾਮੈਂਟ ਅਲਬਰਟਾ ਵਿੱਚ ਪੰਜਾਬੀ ਭਾਈਚਾਰੇ ਦੀ ਖੇਡਾਂ ਅਤੇ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਹੋਰ ਸ਼ਾਨਦਾਰ ਕਦਮ ਸਾਬਤ ਹੋਇਆ।









# ਸੱਥ ਨੂੰ ਘੱਟ ਵੋਟਾਂ ਕਿਉਂ ਮਿਲੀਆਂ ?

## ਇੱਕ ਸਵਾਲ ਜਿਸਦਾ ਜਵਾਬ ਸਿੱਖ ਭਾਈਚਾਰੇ ਨੂੰ ਦੇਣਾ ਚਾਹੀਦਾ ਹੈ




ਪੰਜਾਬ ਯੂਨੀਵਰਸਿਟੀ ਵਿਦਿਆਰਥੀ ਚੋਣਾਂ ਨੂੰ ਸਿਰਫ਼ ਇੱਕ ਹੋਰ ਆਮ ਕੈਂਪਸ ਚੋਣ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ। ਸੱਥ ਦੇ ਵੋਟਿੰਗ ਪੈਟਰਨ ਅਤੇ ਪ੍ਰਦਰਸ਼ਨ ਨੂੰ ਗੰਭੀਰ ਚਰਚਾ ਦੀ ਲੋੜ ਹੈ, ਖਾਸ ਕਰਕੇ ਉਨ੍ਹਾਂ ਲੋਕਾਂ ਵਿੱਚ ਜੋ ਸੱਚਮੁੱਚ ਮਜ਼ਬੂਤ ਸਿੱਖ ਪ੍ਰਤੀਨਿਧਤਾ ਅਤੇ ਸਿੱਖ ਵਿਦਿਆਰਥੀਆਂ ਲਈ ਵਧੇਰੇ ਪ੍ਰਭਾਵਸ਼ਾਲੀ ਆਵਾਜ਼ ਦੇਖਣਾ ਚਾਹੁੰਦੇ ਹਨ। ਸੱਥ ਨੂੰ ਉਮੀਦ ਨਾਲੋਂ ਘੱਟ ਵੋਟਾਂ ਮਿਲੀਆਂ ਹੋ ਸਕਦੀਆਂ ਹਨ, ਪਰ ਇਸਨੂੰ ਸਿਰਫ਼ ਵਿਦਿਆਰਥੀਆਂ ਦੁਆਰਾ ਸੰਗਠਨ ਨੂੰ ਰੱਦ ਕਰਨ ਵਜੋਂ ਸਮਝਣਾ ਪੂਰੀ ਤਰ੍ਹਾਂ ਗਲਤ ਹੋਵੇਗਾ। ਨਤੀਜਾ ਇਮਾਨਦਾਰ ਆਤਮ-ਨਿਰੀਖਣ ਦਾ ਮੌਕਾ ਬਣਨਾ ਚਾਹੀਦਾ ਹੈ, ਨਾ ਸਿਰਫ਼ ਸੱਥ ਲਈ ਸਗੋਂ ਸਿੱਖ ਸੰਗਠਨਾਂ ਅਤੇ ਵਿਅਕਤੀਗਤ ਸਿੱਖ ਨੇਤਾਵਾਂ ਲਈ ਵੀ ਜੋ ਸਿੱਖ ਨੌਜਵਾਨਾਂ ਦੇ ਰਾਜਨੀਤਿਕ ਅਤੇ ਸਮਾਜਿਕ ਭਵਿੱਖ ਬਾਰੇ ਚਿੰਤਤ ਹੋਣ ਦਾ ਦਾਅਵਾ ਕਰਦੇ ਹਨ।

ਸੱਥ ਵਿੱਚ ਜ਼ਰੂਰ ਕਮਜ਼ੋਰੀਆਂ ਹਨ, ਅਤੇ ਇਸਦੀ ਲੀਡਰਸ਼ਿਪ ਨੂੰ ਉਨ੍ਹਾਂ ਨੂੰ ਪਛਾਣਨ ਲਈ ਤਿਆਰ ਰਹਿਣਾ ਚਾਹੀਦਾ ਹੈ। ਕਿਸੇ ਵੀ ਸੰਗਠਨ ਨੂੰ ਆਪਣੇ ਆਪ ਨੂੰ ਆਲੋਚਨਾ ਤੋਂ ਪਰੇ ਨਹੀਂ ਸਮਝਣਾ ਚਾਹੀਦਾ। ਇਸਦੀ ਮੁਹਿੰਮ ਰਣਨੀਤੀ, ਉਮੀਦਵਾਰਾਂ ਦੀ ਚੋਣ, ਵੋਟਰ ਪਹੁੰਚ, ਵਿਦਿਆਰਥੀਆਂ ਨਾਲ ਸੰਚਾਰ ਅਤੇ ਸੰਗਠਨਾਤਮਕ ਢਾਂਚੇ ਨੂੰ ਨਿਰੰਤਰ ਸੁਧਾਰ ਦੀ ਲੋੜ ਹੈ। ਪਰ ਇੱਕ ਹੋਰ ਅਸੁਵਿਧਾਜਨਕ ਸਵਾਲ ਹੈ ਜੋ ਖੁੱਲ੍ਹ ਕੇ ਪੁੱਛਿਆ ਜਾਣਾ ਚਾਹੀਦਾ ਹੈ: ਸੱਥ ਦੀ ਚੋਣ ਸਥਿਤੀ ਨੂੰ ਕਮਜ਼ੋਰ ਕਰਨ ਵਿੱਚ ਕੁਝ ਸਿੱਖ ਸੰਗਠਨਾਂ ਅਤੇ ਵਿਅਕਤੀਗਤ ਸਿੱਖ ਨੇਤਾਵਾਂ ਦੇ ਵਿਰੋਧ ਜਾਂ ਸਮਰਥਨ ਦੀ ਘਾਟ ਨੇ ਕੀ ਭੂਮਿਕਾ ਨਿਭਾਈ ? ਜਦੋਂ ਲੋਕ ਜੋ ਵਿਆਪਕ ਤੌਰ ’ਤੇ ਇੱਕੋ ਜਿਹੀਆਂ ਚਿੰਤਾਵਾਂ ਨੂੰ ਸਾਂਝਾ ਕਰਦੇ ਹਨ, ਸਾਂਝੇ ਆਧਾਰ ਲੱਭਣ ਦੀ ਬਜਾਏ ਆਪਣੇ ਸਮਰਥਨ ਨੂੰ ਵੰਡਣਾ ਚੁਣਦੇ ਹਨ, ਤਾਂ ਨਤੀਜੇ ਕੁਦਰਤੀ ਤੌਰ ’ਤੇ ਵੋਟ ਬਾਕਸ ’ਤੇ ਪ੍ਰਤੀਬਿੰਬਤ ਹੁੰਦੇ ਹਨ।

ਸੱਥ ਪਹਿਲਾਂ ਹੀ ਦਿਖਾ ਚੁੱਕਾ ਹੈ ਕਿ ਇਸਦੀ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿੱਚ ਇੱਕ ਅਰਥਪੂਰਨ ਮੌਜੂਦਗੀ ਹੈ। ਇਸਦੀ ਪਿਛਲੀ ਚੋਣ ਸਫਲਤਾ, ਜਿਸ ਵਿੱਚ ਉਪ-ਪ੍ਰਧਾਨ ਦਾ ਅਹੁਦਾ ਜਿੱਤਣਾ ਸ਼ਾਮਲ ਹੈ, ਨੇ ਦਿਖਾਇਆ ਹੈ ਕਿ ਸੰਗਠਨ ਕੋਲ ਵਚਨਬੱਧ ਸਮਰਥਕ ਅਤੇ ਇੱਕ ਸਥਾਪਿਤ ਕੈਂਪਸ ਨੈੱਟਵਰਕ ਹੈ। ਇਸ ਲਈ, ਇਹ ਸਿੱਟਾ ਕੱਢਣਾ ਸਰਲ ਹੋਵੇਗਾ ਕਿ ਸੱਥ ਵਿੱਚ ਜਨਤਕ ਸਮਰਥਨ ਦੀ ਘਾਟ ਹੈ। ਵਧੇਰੇ ਮਹੱਤਵਪੂਰਨ ਸਵਾਲ ਇਹ ਹੈ ਕਿ ਉਸ ਸਮਰਥਨ ਨੂੰ ਰਾਸ਼ਟਰਪਤੀ ਮੁਕਾਬਲੇ ਲਈ ਇੱਕ ਕਾਫ਼ੀ ਵਿਆਪਕ ਗੱਠਜੋੜ ਵਿੱਚ ਕਿਉਂ ਨਹੀਂ ਵਧਾਇਆ ਜਾ ਸਕਦਾ। ਇੱਕ ਨੇੜਿਓਂ ਲੜੀਆਂ ਗਈਆਂ ਵਿਦਿਆਰਥੀ ਚੋਣਾਂ ਵਿੱਚ, ਵੰਡੀਆਂ ਹੋਈਆਂ ਵੋਟਾਂ ਦੀ ਇੱਕ ਮੁਕਾਬਲਤਨ ਘੱਟ ਗਿਣਤੀ ਵੀ ਜਿੱਤ ਅਤੇ ਹਾਰ ਵਿੱਚ ਫਰਕ ਲਿਆ ਸਕਦੀ ਹੈ।

ਇਹ ਉਹ ਥਾਂ ਹੈ ਜਿੱਥੇ ਸਿੱਖ ਭਾਈਚਾਰੇ ਨੂੰ ਸੱਥ ਤੋਂ ਪਰੇ ਦੇਖਣਾ ਚਾਹੀਦਾ ਹੈ ਅਤੇ ਆਪਣੇ ਆਚਰਣ ਦੀ ਜਾਂਚ ਕਰਨੀ ਚਾਹੀਦੀ ਹੈ। ਜੇਕਰ ਸਿੱਖ ਸੰਗਠਨ, ਸਿੱਖ ਵਿਦਿਆਰਥੀ ਸਮੂਹ ਅਤੇ ਵਿਅਕਤੀਗਤ ਸਿੱਖ ਨੇਤਾ ਸੱਚਮੁੱਚ ਮੰਨਦੇ ਹਨ ਕਿ ਕੈਂਪਸ ਵਿੱਚ ਸਿੱਖ ਪ੍ਰਤੀਨਿਧਤਾ ਮਾਇਨੇ ਰੱਖਦੀ ਹੈ, ਤਾਂ ਉਹਨਾਂ ਨੂੰ ਇਹ ਵੀ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਉਹਨਾਂ ਦੀਆਂ ਕਾਰਵਾਈਆਂ ਨੇ ਉਸ ਪ੍ਰਤੀਨਿਧਤਾ ਨੂੰ ਮਜ਼ਬੂਤ ਕਰਨ ਵਿੱਚ ਮਦਦ ਕੀਤੀ ਜਾਂ ਅਣਜਾਣੇ ਵਿੱਚ ਇਸਨੂੰ ਕਮਜ਼ੋਰ ਕੀਤਾ। ਵੱਖ-ਵੱਖ ਉਮੀਦਵਾਰਾਂ ਦਾ ਸਮਰਥਨ ਕਰਨਾ ਯਕੀਨੀ ਤੌਰ @ਤੇ ਇੱਕ ਲੋਕਤੰਤਰੀ ਅਧਿਕਾਰ ਹੈ। ਕਿਸੇ ਨੂੰ ਵੀ ਸੱਥ ਦਾ ਸਮਰਥਨ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਜਾਂ ਨਹੀਂ ਕੀਤਾ ਜਾਣਾ ਚਾਹੀਦਾ। ਪਰ ਲੋਕਤੰਤਰੀ ਆਜ਼ਾਦੀ ਵੀ ਜ਼ਿੰਮੇਵਾਰੀ ਦੇ ਨਾਲ ਆਉਂਦੀ ਹੈ, ਅਤੇ ਭਾਈਚਾਰੇ ਨੂੰ ਇਹ ਪੁੱਛਣ ਦਾ ਪੂਰਾ ਹੱਕ ਹੈ ਕਿ ਕੀ ਨਿੱਜੀ ਅਸਹਿਮਤੀ, ਸੰਗਠਨਾਤਮਕ ਦੁਸ਼ਮਣੀਆਂ ਅਤੇ ਵਿਅਕਤੀਗਤ ਇੱਛਾਵਾਂ ਨੂੰ ਸਿੱਖ ਵਿਦਿਆਰਥੀਆਂ ਦੇ ਵੱਡੇ ਹਿੱਤਾਂ ਨਾਲੋਂ ਵੱਧ ਮਹੱਤਵਪੂਰਨ ਬਣਨ ਦਿੱਤਾ ਗਿਆ ਸੀ।

ਸੱਥ ਦੀ ਆਲੋਚਨਾ ਕਰਨ ਵਿੱਚ ਕੁਝ ਵੀ ਗਲਤ ਨਹੀਂ ਹੈ। ਦਰਅਸਲ, ਰਚਨਾਤਮਕ ਆਲੋਚਨਾ ਸੰਗਠਨ ਨੂੰ ਮਜ਼ਬੂਤ ਬਣਾ ਸਕਦੀ ਹੈ। ਜੇਕਰ ਕੋਈ ਸਿੱਖ ਸੰਗਠਨ ਮੰਨਦਾ ਹੈ ਕਿ ਸੱਥ ਨੇ ਗਲਤੀਆਂ ਕੀਤੀਆਂ ਹਨ, ਤਾਂ ਉਸਨੂੰ ਖੁੱਲ੍ਹ ਕੇ ਉਨ੍ਹਾਂ ਗਲਤੀਆਂ ਦੀ ਵਿਆਖਿਆ ਕਰਨੀ ਚਾਹੀਦੀ ਹੈ ਅਤੇ ਆਪਣੀ ਲੀਡਰਸ਼ਿਪ ਨਾਲ ਜੁੜਨਾ ਚਾਹੀਦਾ ਹੈ। ਜੇਕਰ ਨੀਤੀਆਂ ਜਾਂ ਸ਼ਖਸੀਅਤਾਂ ਨੂੰ ਲੈ ਕੇ ਮਤਭੇਦ ਹਨ, ਤਾਂ ਉਨ੍ਹਾਂ ਅੰਤਰਾਂ ’ਤੇ ਚਰਚਾ ਕੀਤੀ ਜਾਣੀ ਚਾਹੀਦੀ ਹੈ। ਪਰ ਰਚਨਾਤਮਕ ਅਸਹਿਮਤੀ ਅਤੇ ਕਿਸੇ ਹੋਰ ਸਿੱਖ-ਸਮਰਥਿਤ ਪਲੇਟਫਾਰਮ ਨੂੰ ਸਫਲ ਹੋਣ ਤੋਂ ਰੋਕਣ ਲਈ ਤਿਆਰ ਕੀਤੇ ਗਏ ਸੰਗਠਿਤ ਵਿਰੋਧ ਵਿੱਚ ਇੱਕ ਬੁਨਿਆਦੀ ਅੰਤਰ ਹੈ। ਉਸ ਅੰਤਰ ਨੂੰ ਇਮਾਨਦਾਰੀ ਨਾਲ ਪਛਾਣਨ ਦੀ ਲੋੜ ਹੈ।ਸਿੱਖ ਭਾਈਚਾਰੇ ਨੇ ਬਦਕਿਸਮਤੀ ਨਾਲ ਕਈ ਵਾਰ ਅੰਦਰੂਨੀ ਵੰਡ ਦੇ ਨਤੀਜੇ ਅਨੁਭਵ ਕੀਤੇ ਹਨ। ਸਾਡੇ ਕੋਲ ਸੰਗਠਨਾਂ, ਕਮੇਟੀਆਂ, ਨੇਤਾਵਾਂ, ਕਾਰਕੁਨਾਂ ਅਤੇ ਸੋਸ਼ਲ-ਮੀਡੀਆ ਆਵਾਜ਼ਾਂ ਦੀ ਕੋਈ ਕਮੀ ਨਹੀਂ ਹੈ। ਸਾਡੇ ਕੋਲ ਅਕਸਰ ਜਿਸ ਚੀਜ਼ ਦੀ ਘਾਟ ਹੁੰਦੀ ਹੈ ਉਹ ਹੈ ਇਕੱਠੇ ਬੈਠਣ ਅਤੇ ਇੱਕ ਸਾਂਝੀ ਰਣਨੀਤੀ ਵਿਕਸਤ ਕਰਨ ਦੀ ਯੋਗਤਾ ਜਦੋਂ ਇਹ ਸਭ ਤੋਂ ਵੱਧ ਮਾਇਨੇ ਰੱਖਦੀ ਹੈ। ਹਰ ਕੋਈ ਏਕਤਾ ਬਾਰੇ ਗੱਲ ਕਰਨਾ ਚਾਹੁੰਦਾ ਹੈ, ਪਰ ਏਕਤਾ ਉਦੋਂ ਮੁਸ਼ਕਲ ਹੋ ਜਾਂਦੀ ਹੈ ਜਦੋਂ ਨਿੱਜੀ ਹਉਮੈ, ਸੰਗਠਨਾਤਮਕ ਮਾਲਕੀ ਅਤੇ ਰਾਜਨੀਤਿਕ ਦੁਸ਼ਮਣੀ ਤਸਵੀਰ ਵਿੱਚ ਦਾਖਲ ਹੁੰਦੀ ਹੈ। ਵੱਖ-ਵੱਖ ਦ੍ਰਿਸ਼ਟੀਕੋਣਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਦਸ ਸੰਸਥਾਵਾਂ ਦਾ ਹੋਣਾ ਸੰਭਵ ਹੈ, ਪਰ ਜੇ ਦਸਾਂ ਹੀ ਅੰਤ ਵਿੱਚ ਇੱਕ ਦੂਜੇ ਦੇ ਵਿਰੁੱਧ ਕੰਮ ਕਰਦੀਆਂ ਹਨ, ਤਾਂ ਸਾਂਝੀ ਤਾਕਤ ਕਮਜ਼ੋਰੀ ਬਣ ਜਾਂਦੀ ਹੈ।ਇਹੀ ਸਬਕ ਸੱਥ ’ਤੇ ਵੀ ਲਾਗੂ ਹੁੰਦਾ ਹੈ। ਸੰਗਠਨ ਸਿੱਖ ਵਿਦਿਆਰਥੀਆਂ ਤੋਂ ਸਿਰਫ਼ ਆਪਣੀ ਪਛਾਣ ਜਾਂ ਪਿਛਲੇ ਰਿਕਾਰਡ ਦੇ ਕਾਰਨ ਇਸਦਾ ਸਮਰਥਨ ਕਰਨ ਦੀ ਉਮੀਦ ਨਹੀਂ ਕਰ ਸਕਦਾ। ਇਸਨੂੰ ਆਪਣਾ ਵਿਸ਼ਵਾਸ ਪ੍ਰਾਪਤ ਕਰਨਾ ਚਾਹੀਦਾ ਹੈ। ਇਸਨੂੰ ਆਪਣੇ ਰਵਾਇਤੀ ਸਮਰਥਕਾਂ ਤੋਂ ਪਰੇ ਪਹੁੰਚਣਾ ਚਾਹੀਦਾ ਹੈ ਅਤੇ ਇਹ ਦਿਖਾਉਣਾ ਚਾਹੀਦਾ ਹੈ ਕਿ ਇਹ ਪੂਰੇ ਵਿਦਿਆਰਥੀ ਭਾਈਚਾਰੇ ਦੀ ਨੁਮਾਇੰਦਗੀ ਕਰਦਾ ਹੈ। ਵਿਦਿਆਰਥੀ ਆਪਣੀ ਸਿੱਖਿਆ, ਪ੍ਰੀਖਿਆਵਾਂ, ਫੀਸਾਂ, ਹੋਸਟਲਾਂ, ਸਕਾਲਰਸ਼ਿਪਾਂ, ਰੁਜ਼ਗਾਰ ਦੇ ਮੌਕਿਆਂ, ਕੈਂਪਸ ਸੁਰੱਖਿਆ, ਬੁਨਿਆਦੀ ਢਾਂਚੇ, ਪ੍ਰਬੰਧਕੀ ਜਵਾਬਦੇਹੀ ਅਤੇ ਗ੍ਰੈਜੂਏਸ਼ਨ ਤੋਂ ਬਾਅਦ ਆਪਣੇ ਭਵਿੱਖ ਬਾਰੇ ਚਿੰਤਤ ਹਨ।ਸੱਥ ਨੂੰ ਇਹ ਦਿਖਾਉਣਾ ਚਾਹੀਦਾ ਹੈ ਕਿ ਇਹ ਇਹਨਾਂ ਮੁੱਦਿਆਂ ਲਈ ਉਸੇ ਦ੍ਰਿੜਤਾ ਨਾਲ ਲੜ ਸਕਦਾ ਹੈ ਜਿਸ ਨਾਲ ਇਹ ਪਛਾਣ ਅਤੇ ਪ੍ਰਤੀਨਿਧਤਾ ਦੇ ਸਵਾਲਾਂ ਨਾਲ ਲੜਦਾ ਹੈ।

ਸੱਥ ਨੂੰ ਵੀ ਬਹੁਤ ਜ਼ਿਆਦਾ ਸਮਾਵੇਸ਼ੀ ਬਣਨ ਦੀ ਜ਼ਰੂਰਤ ਹੈ। ਇਸਨੂੰ ਇੱਕ ਖਾਸ ਸਮੂਹ, ਵਿਚਾਰਧਾਰਾ, ਵਿਭਾਗ ਜਾਂ ਵਿਦਿਆਰਥੀਆਂ ਦੇ ਵਰਗ ਦੇ ਸੰਗਠਨ ਵਜੋਂ ਸਮਝਿਆ ਨਹੀਂ ਜਾ ਸਕਦਾ। ਜੇਕਰ ਇਹ ਪ੍ਰਧਾਨਗੀ ਜਿੱਤਣਾ ਚਾਹੁੰਦਾ ਹੈ, ਤਾਂ ਇਸਨੂੰ ਇੱਕ ਅਜਿਹਾ ਪਲੇਟਫਾਰਮ ਬਣਨਾ ਚਾਹੀਦਾ ਹੈ ਜਿੱਥੇ ਹਰ ਵਿਦਿਆਰਥੀ ਮਹਿਸੂਸ ਕਰਦਾ ਹੈ ਕਿ ਉਸਦੀਆਂ ਚਿੰਤਾਵਾਂ ਨੂੰ ਬਰਾਬਰ ਮਹੱਤਵ ਮਿਲੇਗਾ। ਸਿੱਖ ਪਛਾਣ ਅਤੇ ਸਿੱਖ ਪ੍ਰਤੀਨਿਧਤਾ ਇਸਦੇ ਰਾਜਨੀਤਿਕ ਚਰਿੱਤਰ ਦੇ ਮਹੱਤਵਪੂਰਨ ਹਿੱਸੇ ਰਹਿ ਸਕਦੇ ਹਨ, ਪਰ ਸੰਗਠਨ ਨੂੰ ਇੱਕੋ ਸਮੇਂ ਗੈਰ-ਸਿੱਖ ਅਤੇ ਰਾਜਨੀਤਿਕ ਤੌਰ ’ਤੇ ਨਿਰਪੱਖ ਵਿਦਿਆਰਥੀਆਂ ਨੂੰ ਯਕੀਨ ਦਿਵਾਉਣਾ ਚਾਹੀਦਾ ਹੈ ਕਿ SATH ਇੱਕ ਬਿਹਤਰ ਯੂਨੀਵਰਸਿਟੀ ਅਤੇ ਸਾਰਿਆਂ ਲਈ ਬਿਹਤਰ ਵਿਦਿਆਰਥੀ ਸ਼ਾਸਨ ਲਈ ਖੜ੍ਹਾ ਹੈ। ਇਸ ਦੇ ਨਾਲ ਹੀ, ਸਿੱਖ ਨੇਤਾਵਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਨੌਜਵਾਨ ਲੋਕ ਉਨ੍ਹਾਂ ਦੇ ਵਿਵਹਾਰ ਨੂੰ ਬਹੁਤ ਧਿਆਨ ਨਾਲ ਦੇਖ ਰਹੇ ਹਨ। ਵਿਦਿਆਰਥੀ ਦੇਖ ਸਕਦੇ ਹਨ ਕਿ ਨੇਤਾ ਜਨਤਕ ਤੌਰ @ਤੇ ਏਕਤਾ ਬਾਰੇ ਕਦੋਂ ਬੋਲਦੇ ਹਨ ਪਰ ਇੱਕ ਦੂਜੇ ਦੇ ਵਿਰੁੱਧ ਨਿੱਜੀ ਤੌਰ @ਤੇ ਕੰਮ ਕਰਦੇ ਹਨ। ਉਹ ਦੇਖ ਸਕਦੇ ਹਨ ਕਿ ਜਦੋਂ ਭਾਈਚਾਰਕ ਹਿੱਤਾਂ ਨੂੰ ਰਾਜਨੀਤਿਕ ਉਦੇਸ਼ਾਂ ਲਈ ਬੁਲਾਇਆ ਜਾਂਦਾ ਹੈ। ਉਹ ਇਹ ਵੀ ਦੇਖ ਸਕਦੇ ਹਨ ਕਿ ਨਿੱਜੀ ਦੁਸ਼ਮਣੀਆਂ ਨੂੰ ਵਿਚਾਰਧਾਰਕ ਅੰਤਰਾਂ ਦੇ ਰੂਪ ਵਿੱਚ ਕਦੋਂ ਭੇਸ ਦਿੱਤਾ ਜਾਂਦਾ ਹੈ।ਇਹ ਨੌਜਵਾਨ ਸਿੱਖਾਂ ਵਿੱਚ ਨਿਰਾਸ਼ਾ ਪੈਦਾ ਕਰਦਾ ਹੈ ਅਤੇ ਅੰਤ ਵਿੱਚ ਰਾਜਨੀਤਿਕ ਉਦਾਸੀਨਤਾ ਪੈਦਾ ਕਰ ਸਕਦਾ ਹੈ। ਜੇਕਰ ਪੁਰਾਣੀ ਪੀੜ੍ਹੀ ਚਾਹੁੰਦੀ ਹੈ ਕਿ ਨੌਜਵਾਨ ਸਿੱਖ ਸੰਸਥਾਵਾਂ ਅਤੇ ਭਾਈਚਾਰਕ ਸੰਗਠਨਾਂ ਨਾਲ ਜੁੜੇ ਰਹਿਣ, ਤਾਂ ਇਸਨੂੰ ਪਰਿਪੱਕਤਾ, ਸਹਿਯੋਗ ਅਤੇ ਇਮਾਨਦਾਰੀ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਕਿਸੇ ਨੂੰ ਵੀ ਇਸ ਚਰਚਾ ਨੂੰ SATH ਲਈ ਨਿਰਵਿਵਾਦ ਸਮਰਥਨ ਦੀ ਮੰਗ ਵਜੋਂ ਗਲਤ ਨਹੀਂ ਸਮਝਣਾ ਚਾਹੀਦਾ। ਇਹ ਉਦੇਸ਼ ਨਹੀਂ ਹੈ। SATH ਨੂੰ ਹਰ ਦੂਜੇ ਸੰਗਠਨ ਵਾਂਗ ਸਵਾਲ ਕੀਤਾ ਜਾਣਾ ਚਾਹੀਦਾ ਹੈ, ਚੁਣੌਤੀ ਦਿੱਤੀ ਜਾਣੀ ਚਾਹੀਦੀ ਹੈ ਅਤੇ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ। ਪਰ ਮਿਆਰ ਸਾਰਿਆਂ ਲਈ ਇੱਕੋ ਜਿਹਾ ਹੋਣਾ ਚਾਹੀਦਾ ਹੈ। ਜੇਕਰ SATH ਗਲਤੀ ਕਰਦਾ ਹੈ, ਤਾਂ SATH ਦੀ ਆਲੋਚਨਾ ਕਰੋ। ਜੇਕਰ ਕੋਈ ਹੋਰ ਸੰਗਠਨ ਗਲਤੀ ਕਰਦਾ ਹੈ, ਤਾਂ ਉਸ ਸੰਗਠਨ ਦੀ ਆਲੋਚਨਾ ਕਰੋ। ਜੇਕਰ ਕੋਈ ਵਿਅਕਤੀਗਤ ਨੇਤਾ ਨਿੱਜੀ ਹਿੱਤਾਂ ਨੂੰ ਵੱਡੇ ਭਾਈਚਾਰਕ ਹਿੱਤਾਂ ਤੋਂ ਉੱਪਰ ਰੱਖਦਾ ਹੈ, ਤਾਂ ਉਸ ’ਤੇ ਵੀ ਚਰਚਾ ਕੀਤੀ ਜਾਣੀ ਚਾਹੀਦੀ ਹੈ। ਜਵਾਬਦੇਹੀ ਚੋਣਵੀਂ ਨਹੀਂ ਹੋ ਸਕਦੀ। ਹੁਣ ਤੁਰੰਤ ਜ਼ਿੰਮੇਵਾਰੀ SATH ਦੀ ਲੀਡਰਸ਼ਿਪ ’ਤੇ ਹੈ। ਆਪਣੀ ਊਰਜਾ ਨੂੰ ਹੋਰ ਸੰਗਠਨਾਂ ਨੂੰ ਦੋਸ਼ੀ ਠਹਿਰਾਉਣ ਵਿੱਚ ਖਰਚ ਕਰਨ ਦੀ ਬਜਾਏ, ਇਸਨੂੰ ਚੋਣਾਂ ਤੋਂ ਬਾਅਦ ਦਾ ਵਿਸਤ੍ਰਿਤ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਇਸਨੂੰ ਵੋਟਿੰਗ ਪੈਟਰਨ ਵਿਭਾਗ ਦੁਆਰਾ ਵਿਭਾਗ, ਹੋਸਟਲ ਦੁਆਰਾ ਹੋਸਟਲ ਅਤੇ ਵਿਦਿਆਰਥੀ ਸਮੂਹ ਦੁਆਰਾ ਵਿਦਿਆਰਥੀ ਸਮੂਹ ਦੀ ਜਾਂਚ ਕਰਨੀ ਚਾਹੀਦੀ ਹੈ। ਇਸਨੂੰ ਇਹ ਪਛਾਣਨਾ ਚਾਹੀਦਾ ਹੈ ਕਿ ਇਸਦੀ ਮੁਹਿੰਮ ਕਿੱਥੇ ਸਫਲ ਹੋਈ ਅਤੇ ਕਿੱਥੇ ਅਸਫਲ ਰਹੀ। ਇਸਨੂੰ ਸਮਝਣਾ ਚਾਹੀਦਾ ਹੈ ਕਿ ਸੱਥ ਨਾਲ ਹਮਦਰਦੀ ਰੱਖਣ ਵਾਲੇ ਵਿਦਿਆਰਥੀਆਂ ਨੇ ਆਖਰਕਾਰ ਕਿਸੇ ਹੋਰ ਉਮੀਦਵਾਰ ਨੂੰ ਵੋਟ ਕਿਉਂ ਦਿੱਤੀ। ਇਸਨੂੰ ਇਹ ਵੀ ਪੁੱਛਣਾ ਚਾਹੀਦਾ ਹੈ ਕਿ ਕੁਝ ਸਿੱਖ ਸੰਗਠਨਾਂ ਅਤੇ ਨੇਤਾਵਾਂ ਨੇ ਇਸਦਾ ਸਮਰਥਨ ਕਿਉਂ ਨਹੀਂ ਕੀਤਾ ਅਤੇ ਕੀ ਚੋਣਾਂ ਤੋਂ ਪਹਿਲਾਂ ਗੱਲਬਾਤ ਰਾਹੀਂ ਉਨ੍ਹਾਂ ਮਤਭੇਦਾਂ ਨੂੰ ਹੱਲ ਕੀਤਾ ਜਾ ਸਕਦਾ ਸੀ। ਅਗਲੀ ਚੋਣ ਅਧਿਕਾਰਤ ਮੁਹਿੰਮ ਦੀ ਮਿਆਦ ਤੋਂ ਬਹੁਤ ਪਹਿਲਾਂ ਸ਼ੁਰੂ ਹੋਣੀ ਚਾਹੀਦੀ ਹੈ।ਸੱਥ ਨੂੰ ਕੈਂਪਸ ਵਿੱਚ ਸਾਲ ਭਰ ਮੌਜੂਦਗੀ ਦੀ ਲੋੜ ਹੁੰਦੀ ਹੈ। ਵਿਦਿਆਰਥੀਆਂ ਨੂੰ ਆਪਣੇ ਪ੍ਰਤੀਨਿਧੀਆਂ ਨੂੰ ਉਦੋਂ ਕੰਮ ਕਰਦੇ ਦੇਖਣਾ ਚਾਹੀਦਾ ਹੈ ਜਦੋਂ ਕੋਈ ਚੋਣ ਨਹੀਂ ਹੁੰਦੀ। ਇੱਕ ਵਿਦਿਆਰਥੀ ਜਿਸਨੂੰ ਹੋਸਟਲ ਦੀ ਸਮੱਸਿਆ, ਸਕਾਲਰਸ਼ਿਪ ਦੇ ਮੁੱਦੇ, ਪ੍ਰੀਖਿਆ ਮਾਮਲੇ ਜਾਂ ਪ੍ਰਬੰਧਕੀ ਸ਼ਿਕਾਇਤ ਵਿੱਚ ਸੱਚੀ ਮਦਦ ਮਿਲਦੀ ਹੈ, ਵੋਟਿੰਗ ਦਾ ਦਿਨ ਆਉਣ ’ਤੇ ਉਸ ਸੰਗਠਨ ਨੂੰ ਯਾਦ ਰੱਖਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੁੰਦੀ ਹੈ। ਚੋਣਾਂ ਦੇ ਸਮੇਂ ਦੀ ਦਿੱਖ ਮਹੱਤਵਪੂਰਨ ਹੈ, ਪਰ ਸਾਲ ਭਰ ਦੀ ਭਰੋਸੇਯੋਗਤਾ ਕਿਤੇ ਜ਼ਿਆਦਾ ਸ਼ਕਤੀਸ਼ਾਲੀ ਹੈ। ਸਿੱਖ ਸੰਗਠਨਾਂ ਲਈ ਇੱਕ ਵੱਡਾ ਸਬਕ ਵੀ ਹੈ। ਜੇਕਰ ਉਦੇਸ਼ ਸੱਚਮੁੱਚ ਸਿੱਖ ਨੌਜਵਾਨਾਂ ਅਤੇ ਸਿੱਖ ਪ੍ਰਤੀਨਿਧਤਾ ਨੂੰ ਮਜ਼ਬੂਤ ਕਰਨਾ ਹੈ, ਤਾਂ ਸਹਿਯੋਗ ਸਿਰਫ਼ ਉਦੋਂ ਹੀ ਸ਼ੁਰੂ ਨਹੀਂ ਹੋਣਾ ਚਾਹੀਦਾ ਜਦੋਂ ਹਾਲਾਤ ਅਨੁਕੂਲ ਹੋਣ।ਵੱਖ-ਵੱਖ ਸੰਗਠਨ ਕੁਝ ਸਾਂਝੇ ਉਦੇਸ਼ਾਂ ’ਤੇ ਸਹਿਮਤ ਹੁੰਦੇ ਹੋਏ ਵੀ ਆਪਣੀ ਵੱਖਰੀ ਪਛਾਣ ਬਣਾਈ ਰੱਖ ਸਕਦੇ ਹਨ। ਹਰ ਕਿਸੇ ਲਈ ਇੱਕ ਸੰਗਠਨ ਵਿੱਚ ਅਭੇਦ ਹੋਣ ਦੀ ਕੋਈ ਲੋੜ ਨਹੀਂ ਹੈ। ਲੋੜੀਂਦਾ ਹੈ ਪਰਿਪੱਕਤਾ - ਇਹ ਸਮਝਣਾ ਕਿ ਮੁਕਾਬਲਾ ਕਦੋਂ ਸਿਹਤਮੰਦ ਹੁੰਦਾ ਹੈ ਅਤੇ ਮੁਕਾਬਲਾ ਕਦੋਂ ਸਵੈ-ਹਾਰ ਬਣ ਜਾਂਦਾ ਹੈ।ਸੱਥ ਦਾ ਵਿਰੋਧ ਕਰਨ ਵਾਲੇ ਸਿੱਖ ਸੰਗਠਨਾਂ ਅਤੇ ਵਿਅਕਤੀਗਤ ਸਿੱਖ ਨੇਤਾਵਾਂ ਨੂੰ ਅਜਿਹਾ ਕਰਨ ਦਾ ਪੂਰਾ ਲੋਕਤੰਤਰੀ ਅਧਿਕਾਰ ਸੀ। ਪਰ ਉਹਨਾਂ ਨੂੰ ਭਾਈਚਾਰੇ ਦੇ ਇੱਕ ਜਾਇਜ਼ ਸਵਾਲ ਦਾ ਜਵਾਬ ਦੇਣ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ: ਕੀ ਤੁਹਾਡੇ ਵਿਰੋਧ ਨੇ ਸਿੱਖ ਵਿਦਿਆਰਥੀ ਪ੍ਰਤੀਨਿਧਤਾ ਨੂੰ ਮਜ਼ਬੂਤ ਕੀਤਾ, ਜਾਂ ਕੀ ਇਸਨੇ ਇੱਕ ਵੋਟ ਨੂੰ ਵੰਡਿਆ ਜੋ ਹੋਰ ਕਿਸੇ ਹੋਰ ਤਰੀਕੇ ਨਾਲ ਇੱਕ ਮਜ਼ਬੂਤ ਨਤੀਜਾ ਪੈਦਾ ਕਰ ਸਕਦਾ ਸੀ ? ਇਹ ਕੋਈ ਦੋਸ਼ ਨਹੀਂ ਹੈ; ਇਹ ਇੱਕ ਅਜਿਹਾ ਸਵਾਲ ਹੈ ਜਿਸਦਾ ਇਮਾਨਦਾਰ ਜਵਾਬ ਦੇਣਾ ਜ਼ਰੂਰੀ ਹੈ। ਸੱਥ ਨੂੰ ਇਸ ਚੋਣ ਨੂੰ ਹਾਰ ਦੀ ਬਜਾਏ ਚੇਤਾਵਨੀ ਵਜੋਂ ਵੀ ਲੈਣਾ ਚਾਹੀਦਾ ਹੈ। ਉਮੀਦ ਤੋਂ ਘੱਟ ਵੋਟ ਦਾ ਮਤਲਬ ਇਹ ਨਹੀਂ ਹੈ ਕਿ ਸੰਗਠਨ ਦਾ ਕੋਈ ਭਵਿੱਖ ਨਹੀਂ ਹੈ। ਇਸਦਾ ਮਤਲਬ ਹੈ ਕਿ ਸੰਗਠਨ ਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ, ਆਪਣੀ ਅਪੀਲ ਨੂੰ ਵਿਸ਼ਾਲ ਕਰਨਾ ਚਾਹੀਦਾ ਹੈ, ਆਪਣੀ ਅੰਦਰੂਨੀ ਬਣਤਰ ਨੂੰ ਬਿਹਤਰ ਬਣਾਉਣਾ ਚਾਹੀਦਾ ਹੈ ਅਤੇ ਕੰਧਾਂ ਦੀ ਬਜਾਏ ਪੁਲ ਬਣਾਉਣਾ ਚਾਹੀਦਾ ਹੈ। ਇਸਨੂੰ ਆਪਣੇ ਆਪ ਨੂੰ ਇੱਕ ਵਚਨਬੱਧ ਸਮਰਥਨ ਅਧਾਰ ਵਾਲੇ ਸਮੂਹ ਤੋਂ ਇੱਕ ਸੱਚਮੁੱਚ ਵਿਆਪਕ-ਅਧਾਰਤ ਵਿਦਿਆਰਥੀ ਲਹਿਰ ਵਿੱਚ ਬਦਲਣਾ ਚਾਹੀਦਾ ਹੈ। ਇਸ ਦੌਰਾਨ, ਸਿੱਖ ਭਾਈਚਾਰੇ ਨੂੰ ਇੱਕ ਬਰਾਬਰ ਮਹੱਤਵਪੂਰਨ ਸਬਕ ਸਿੱਖਣਾ ਚਾਹੀਦਾ ਹੈ: ਕੋਈ ਵੀ ਵਿਅਕਤੀਗਤ ਆਗੂ, ਸੰਗਠਨ ਜਾਂ ਸਮੂਹ ਸਿੱਖ ਵੋਟ ਦਾ ਮਾਲਕ ਨਹੀਂ ਹੈ। ਹਰ ਸਿੱਖ ਵਿਦਿਆਰਥੀ ਨੂੰ ਆਪਣੀ ਰਾਜਨੀਤਿਕ ਚੋਣ ਕਰਨ ਦਾ ਅਧਿਕਾਰ ਹੈ। ਪਰ ਸਿੱਖ ਨੌਜਵਾਨਾਂ ਦੇ ਵੱਡੇ ਹਿੱਤਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲਿਆਂ ਦੀ ਇਹ ਵੀ ਜ਼ਿੰਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਬੇਲੋੜੀ ਨਿੱਜੀ ਅਤੇ ਸੰਗਠਨਾਤਮਕ ਵੰਡ ਉਸ ਪ੍ਰਤੀਨਿਧਤਾ ਨੂੰ ਕਮਜ਼ੋਰ ਨਾ ਕਰੇ ਜਿਸ ਦਾ ਉਹ ਸਮਰਥਨ ਕਰਨ ਦਾ ਦਾਅਵਾ ਕਰਦੇ ਹਨ।ਇਸ ਲਈ ਭਵਿੱਖ ਇੱਕ ਦੂਜੇ ਨੂੰ ਦੋਸ਼ੀ ਠਹਿਰਾਉਣ ਬਾਰੇ ਨਹੀਂ ਹੋਣਾ ਚਾਹੀਦਾ। ਇਹ ਨਤੀਜੇ ਤੋਂ ਸਿੱਖਣ ਬਾਰੇ ਹੋਣਾ ਚਾਹੀਦਾ ਹੈ। ਸੱਥ ਨੂੰ ਆਪਣੀਆਂ ਕਮਜ਼ੋਰੀਆਂ ਨੂੰ ਸੁਧਾਰਨਾ ਚਾਹੀਦਾ ਹੈ। ਸਮਰਥਕਾਂ ਨੂੰ ਇਸਦੇ ਜ਼ਮੀਨੀ ਸੰਗਠਨ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਸਿੱਖ ਸੰਗਠਨਾਂ ਨੂੰ ਬੇਲੋੜੀਆਂ ਵੰਡਾਂ @ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਵਿਅਕਤੀਗਤ ਸਿੱਖ ਆਗੂਆਂ ਨੂੰ ਨਿੱਜੀ ਦੁਸ਼ਮਣੀਆਂ ਤੋਂ ਉੱਪਰ ਭਾਈਚਾਰਕ ਹਿੱਤਾਂ ਨੂੰ ਰੱਖਣਾ ਚਾਹੀਦਾ ਹੈ। ਅਤੇ ਸਾਰਿਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਨੌਜਵਾਨ ਸਿੱਖਾਂ ਨੂੰ ਅਜਿਹੀ ਲੀਡਰਸ਼ਿਪ ਦੀ ਲੋੜ ਹੈ ਜੋ ਵਿਚਾਰਾਂ ਵਿੱਚ ਭਿੰਨ ਹੋਣ ਦੇ ਬਾਵਜੂਦ ਵੀ ਉਦੇਸ਼ ਵਿੱਚ ਇੱਕਜੁੱਟ ਹੋਵੇ। ਸੱਥ ਨੂੰ ਇਸ ਚੋਣ ਵਿੱਚ ਘੱਟ ਵੋਟਾਂ ਮਿਲੀਆਂ ਹੋ ਸਕਦੀਆਂ ਹਨ, ਪਰ ਅਸਲ ਸਵਾਲ ਇਹ ਨਹੀਂ ਹੈ ਕਿ ਕੀ ਸੱਥ ਨੇ ਇੱਕ ਚੋਣ ਹਾਰੀ ਹੈ। ਅਸਲ ਸਵਾਲ ਇਹ ਹੈ ਕਿ ਕੀ ਸਿੱਖ ਭਾਈਚਾਰੇ ਨੇ ਵੰਡ ਤੋਂ ਕੁਝ ਸਿੱਖਿਆ ਹੈ ਜਿਸਨੇ ਉਸ ਨਤੀਜੇ ਵਿੱਚ ਯੋਗਦਾਨ ਪਾਇਆ। ਜੇਕਰ ਜਵਾਬ ਹਾਂ ਹੈ, ਤਾਂ ਇਸ ਚੋਣ ਨੂੰ ਇੱਕ ਝਟਕੇ ਵਜੋਂ ਯਾਦ ਰੱਖਣ ਦੀ ਲੋੜ ਨਹੀਂ ਹੈ। ਇਹ ਸੱਥ ਅਤੇ ਪੰਜਾਬ ਯੂਨੀਵਰਸਿਟੀ ਵਿੱਚ ਸਿੱਖ ਵਿਦਿਆਰਥੀ ਪ੍ਰਤੀਨਿਧਤਾ ਲਈ ਇੱਕ ਮਜ਼ਬੂਤ, ਵਿਸ਼ਾਲ ਅਤੇ ਵਧੇਰੇ ਸੰਯੁਕਤ ਭਵਿੱਖ ਦੀ ਸ਼ੁਰੂਆਤ ਬਣ ਸਕਦੀ ਹੈ।

ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ



ਮੁੱਖ ਸੰਪਾਦਕ ਹਰਬੰਸ ਬੁੱਟਰ
403 640 2000
punjabiakhbaar@gmail.com

This disclaimer informs the readers of ‘the Punjabi Akhbaar’ that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not ‘the Punjabi Akhbaar’. The Editor reserves the right to edit or not the articles, reports and/or news published herein.

-Editor

ਨੋਟ: “ਪੰਜਾਬੀ ਅਖ਼ਬਾਰ” ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। “ਪੰਜਾਬੀ ਅਖ਼ਬਾਰ” ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। ‘ਪੰਜਾਬੀ ਅਖ਼ਬਾਰ’ ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਕੈਲਗਰੀ ਦੇ ਬਜੁਰਗਾਂ ਦੀ ਸੰਸਥਾ ਸਾਕਾ ਦੇ ਮੈਂਬਰਾਂ ਨੇ ਪਿਕਨਿਕ ਟੂਰ ਲਾਇਆ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਸਾਊਥ ਏਸ਼ੀਅਨ ਕਮਿਊਨਿਟੀ ਐਸੋਸੀਏਸ਼ਨ ਦੇ ਪ੍ਰਧਾਨ ਸੈਮ ਸਹੋਤਾ ਦੀ ਪ੍ਰਧਾਨਗੀ ਵਿੱਚ ਬੋਰਡ ਦੇ ਮੈਂਬਰਾਂ ਦੇ ਸਹਿਯੋਗ ਨਾਲ ਬੀਤੀ 16 ਅਗਸਤ ਨੂੰ ਬੈਂਫ ਜਾਣ ਲਈ ਪ੍ਰੋਗਰਾਮ ਉਲੀਕਿਆ ਗਿਆ। ਗੁਰਮੇਲ ਸਿੰਘ ਸੰਧੂ ਅਤੇ ਜਰਨੈਲ ਸਿੰਘ ਤੱਗੜ ਹੋਰਾਂ ਦੀ ਨਿਗਰਾਨੀ ਹੇਠ ਇੱਕ ਬੱਸ ਵਿੱਚ ਬੀਬੀਆਂ ਤੇ ਦੂਸਰੀ ਬੱਸ ਵਿੱਚ ਮਰਦ ਮੈਂਬਰ ਸਵਾਰ ਹੋ ਗਏ। ਸਫਰ ਵੱਲ ਜਾਂਦਿਆਂ ਔਰਤਾਂ ਵਾਲੀ ਬੱਸ ਵਿੱਚ ਗਿੱਧੇ ਅਤੇ ਬੋਲੀਆਂ ਦੀ ਧਮਾਲ ਪੈਂਦੀ ਵਿਖਾਈ ਦਿੱਤੀ। ਦੋਵੇਂ ਬੱਸਾਂ ਬੈਂਫ ਲੇਕ ਦੇ ਕਿਨਾਰੇ ਪੁੱਜਦਿਆਂ ਹੀ ਸਾਰੇ ਮੈਂਬਰ ਆਪੋ ਆਪਣੇ ਗਰੁੱਪਾਂ ਵਿੱਚ ਘੁੰਮਣ ਲਈ ਨਿਕਲ ਗਏ। ਦੁਪਹਿਰ ਦੇ ਖਾਣੇ ਦਾ ਪ੍ਰਬੰਧ ਵਰਤਾਉਣ ਲਈ ਰਵਿੰਦਰ ਪਾਲ ਚਾਹਲ, ਜਰਨੈਲ ਤੱਗੜ, ਗੁਰਮੇਲ ਸਿੰਘ ਸੰਧੂ, ਜਗਜੀਤ ਸਿੰਘ ਸੋਹੀ ਅਤੇ ਹਰਚੰਦ ਸਿੰਘ ਹੋਰਾਂ ਨੇ ਜਿੰਮੇਵਾਰੀ ਨਿਭਾਈ। ਖਾਣੇ ਉਪਰੰਤ ਔਰਤਾਂ ਨੇ ਗਿੱਧੇ ਦਾ ਪਿੜ ਬੰਨ ਲਿਆ ਤੇ ਬੋਲੀਆਂ ਪਾ ਕੇ ਖੂਬ ਗਿੱਧਾ ਪਾਇਆ। ਮਰਦਾਂ ਦੀਆਂ ਟੋਲੀਆਂ ਤਾਸ਼ ਖੇਡਣ ਵਿੱਚ ਮਸ਼ਰੂਫ ਹੋ ਗਈਆਂ। ਸਾਰੇ ਮੈਂਬਰ ਬੈਂਫ ਦੇ ਮਨਮੋਹਕ ਦ੍ਰਿਸ਼ਾਂ ਵਿੱਚ ਗਰੁੱਪਾਂ ਨਾਲ ਆਪਣੀਆਂ ਫੋਟੋਆਂ ਖਿਚਵਾ ਰਹੇ ਸਨ। ਸ਼ਾਮ ਨੂੰ 6 ਕੁ ਵਜੇ ਸਾਰੀਆਂ ਬੱਸਾਂ ਵਾਪਸ ਕੈਲਗਰੀ ਪਹੁੰਚ ਗਈਆਂ ਅਤੇ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਆਪੋ ਆਪਣੇ ਘਰਾਂ ਨੂੰ ਚਾਲੇ ਪਾਏ।







# ਕਾਗ਼ਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

ਕੈਨੇਡੀਅਨ ਪੀ ਆਰ,ਜੱਟ ਸਿੱਖ ਗਰੇਵਾਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1993,ਕੱਦ 5 ਫੁੱਟ 6 ਇੰਚ,ਲਾਅ ਡਿਪਲੋਮਾ ਹੋਲਡਰ,ਵਧੀਆ ਜੌਬ ਕਰਦੀ ਲਈ ਕੈਨੇਡਾ ਤੋਂ ਹੀ ਸਿਟੀਜਨ/ਪੀ ਆਰ ਜਾਂ ਵਰਕ ਪਰਮਿਟ ਵਾਲੇ,ਹੈਂਡਸਮ,ਨਸ਼ਿਆਂ ਤੋਂ ਰਹਿਤ,ਘੱਟੋ ਘੱਟ 10 ਕਿੱਲੇ ਜ਼ਮੀਨ ਦੇ ਮਾਲਕ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਇੰਡੀਆ ਤੋਂ ਵਧੀਆ ਪ੍ਰਾਪਰਟੀ ਦੇ ਮਾਲਕ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ । ਲੁਧਿਆਣਾ,ਕੈਲਗਰੀ ਅਤੇ ਅਲਬਰਟਾ ਦੇ ਲੜਕੇ ਨੂੰ ਪਹਿਲ ।ਮੈਰਿਜ ਬਿਊਰੋ ਵਾਲੇ ਮੁਆਫ਼ ਕਰਨ । ਕਾਲ: 1437 771 2693 ਜਾਂ 1587 436 4937 ***300***3

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਪੰਜਾਬ ਦੇ ਖੰਨਾ ਇਲਾਕੇ ਨਾਲ ਸਬੰਧਿਤ ਐਡਮਿੰਟਨ ਵਿਖੇ ਘਰਾਂ ਦੀ ਫਰੇਮਿੰਗ ਦਾ ਆਪਣਾ ਕਾਰੋਬਾਰ ਕਰਦੇ, ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ,ਜਨਮ 2001, ਕੱਦ 6 ਫੁੱਟ,ਪਲੱਸ 2 ਨਾਨ ਮੈਡੀਕਲ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਮਕਾਨ ਹੈ। ਸੰਪਰਕ: Email- sahibmann076@gmail.com ***304***3

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਧਾਲੀਵਾਲ ਪਰਿਵਾਰ ਦੇ ਟੋਇਟਾ ਆਟੋਮੋਬਾਈਲ ਵਿਖੇ ਬਾਡੀ ਸਾਪ ਐਡਵਾਈਜਰ ਦੀ ਚੰਗੀ ਨੌਕਰੀ ਕਰਦੇ ਲੜਕੇ ਜਨਮ 1992,ਕੱਦ 5 ਫੁੱਟ 10 ਇੰਚ, ਮਕੈਨੀਕਲ ਇੰਜੀਨੀਅਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਧਵਾ ਜਾਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦਾ ਪਿਤਾ ਸਰਕਾਰੀ ਜੌਬ ਤੋਂ ਰਿਟਾਇਰਡ ਅਤੇ ਭਰਾ ਯੂਕੇ ਵਿੱਚ ਪੱਕੇ ਤੌਰ ਤੇ ਰਹਿ ਰਿਹਾ ਹੈ। ਸੰਪਰਕ: 91 7009758858 ***304***3

### ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਸਰਦਾਰ ਲੜਕਾ ਜਨਮ 1985,ਕੱਦ 6 ਫੁੱਟ,ਤਲਾਕ ਸ਼ੁਦਾ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵੈਲ ਸੈੱਟਲਡ ਲੜਕੇ ਕੋਲ ਆਪਣਾ ਘਰ ਹੈ। ਵਰਕ ਪਰਮਿਟ ਜਾਂ ਵਿਸਟਰ ਵੀਜ਼ਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ:1587 891 3187 ਜਾਂ 1778 388 8279 ***302***3***

### ਲੜਕੇ ਦੀ ਲੋੜ

ਕੈਨੇਡੀਅਨ ਸਿਟੀਜਨ,ਜੱਟ ਸਿੱਖ ਲੜਕੀ ਜਨਮ 1998, ਕੱਦ 5 ਫੁੱਟ 3 ਇੰਚ, ਕੈਲਗਰੀ ਵਿੱਚ ਸੀ ਪੀ ਏ ਕਰ ਰਹੀ ਲਈ ਬਰਾਬਰ ਦੀ ਯੋਗਤਾ ਵਾਲੇ ਕੈਨੇਡੀਅਨ ਵੈਸ਼ਨੂੰ 10 ਕਿੱਲੇ ਤੋਂ ਉਪਰ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਸਿਰਫ ਜਿਲਾ ਲੁਧਿਆਣਾ ਜਾਂ ਅਲਬਰਟਾ ਵਾਲੇ ਸੰਪਰਕ ਕਰਨ।ਕਾਲ: 1 403 903 4592***302***3***

### ਲੜਕੀ ਦੀ ਲੋੜ

**ਜੱਟ ਸਿੱਖ ਕੰਗ ਪਰਿਵਾਰ ਦੇ ਰੋਪੜ ਜਿਲ੍ਹੇ ਨਾਲ ਸਬੰਧਿਤ,7 ਏਕੜ ਜਮੀਨ ਦੇ ਮਾਲਕ,ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਨਸ਼ਾ ਰਹਿਤ ਲੜਕੇ, ਜਨਮ 1995, ਕੱਦ 5 ਫੁੱਟ 11 ਇੰਚ, ਪੜਾਈ ਲਿਖਾਈ: ਬੀ ਟੈੱਕ ਈ ਸੀ ਈ,ਪਰੌਜੈਕਟ ਮੈਨੇਜਮੈਂਟ ਐਂਡ ਸਪਲਾਈ ਚੇਨ ਮੈਨੇਜਮੈਂਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਨੇਡਾ ਪੱਕੇ ਤੌਰ ਤੇ ਸੈਟਲ ਹੈ। ਮਾਤਾ ਪਿਤਾ ਕੋਲ ਵਿਜਟਿਰ ਵੀਜਾ ਹੈ। ਸੰਪਰਕ: 403 472 1361** **301*3**

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਜਨਮ 1999,ਕੱਦ 5 ਫੁੱਟ 9 ਇੰਚ,ਆਈ ਟੀ ਵੈਲਡਰ,ਆਈ ਟੀ ਪਲੰਬਰ,ਸਿਵਲ ਇੰਜੀਨੀਅਰ ਡਿਪਲੋਮਾ ਹੋਲਡਰ,ਹੁਣ ਡਰਾਇਵਾਲ ਦਾ ਕੰਮ ਕਰਦੇ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲਇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1403 477 5707 ਜਾਂ 1778 522 3061 ***301***3

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ (ਮੁੰਡੇ) ਪਰਿਵਾਰ ਦੀ ਕੈਲਗਰੀ ਰਹਿੰਦੀ ਲੜਕੀ ਜਨਮ 1996, ਕੱਦ 5 ਫੁੱਟ 3 ਇੰਚ, ਪੜਾਈ ਲਿਖਾਈ: Bachelor of Commerce Honor's in Accounting and Finance. Currently Pursuing accounting designation (CPA),ਸੀਨੀਅਰ ਅਕਾਊਟੈਂਟ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਇੱਕ ਭਰਾ ਹੈ ਜੋ ਵਿਆਹਿਆ ਹੋਇਆ ਹੈ। ਸੰਪਰਕ: 1 (403) 880-4806 ***301***3

### ਲੜਕੀਆਂ ਦੀ ਲੋੜ

ਪੰਜਾਬ ਦੇ ਜੰਮਪਲ,ਜੱਟ ਸਿੱਖ ਬੰਦੇਸਾ ਪਰਿਵਾਰ ਦੇ ਲੜਕੇ ਜਨਮ 1996, ਪੜਾਈ ਲਿਖਾਈ: ਬੀ ਟੈੱਕ, ਕੈਨੇਡਾ ਵਿੱਚ ਵਰਕ ਪਰਮਿਟ ਉੱਪਰ ਪਰੋਜੈਕਟ ਮੈਨੇਜ ਮੈਂਟ ਦੀ ਜੌਬ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਇਸੇ ਹੀ ਪਰਿਵਾਰ ਦੇ ਪੰਜਾਬ ਰਹਿੰਦੇ ਦੂਜੇ ਲੜਕੇ, ਜਨਮ 1994 ਪੜਾਈ ਲਿਖਾਈ ਐਮ ਏ ਇੰਗਲਿਸ਼, ਸਹਾਇਕ ਰਜਿਸਟਰਾਰ ਦੀ ਸਰਕਾਰੀ ਨੌਕਰੀ ਕਰਦੇ ਲਈ ਵੀ ਹਾਣ ਪ੍ਰਵਾਣ ਦੀ ਯੋਗ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 680 0132 ਜਾਂ ਇੰਡੀਆ ਵਟਸਐਪ: 91 94638 54302 ***301***3

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਾਮਗੜ੍ਹੀਆ ਪਰਿਵਾਰ ਦੇ ਲੜਕੇ ਜਨਮ 1991,ਕੱਦ 6 ਫੁੱਟ,ਆਟੋਮੋਬਾਈਲ ਡਿਪਲੋਮਾ ਹੋਲਡਰ ਹੁਣ ਕਾਰ ਮਕੈਨਿਕ ਦੀ ਜੌਬ ਕਰਦੇ ਲਈ ਕੈਨੇਡੀਅਨ ਪੀ ਆਰ,ਸਿਟੀਜ਼ਨ ,ਓਪਨ ਵਰਕਪਰਮਿਟ ਜਾਂ ਸਟੱਡੀ ਵੀਜ਼ਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ:1587 581 1371 ***301***3

### ਲੜਕੀ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਏ ਮੋਗਾ ਏਰੀਆ ਨਾਲ ਸਬੰਧਿਤ, ਜੱਟ ਸਿੱਖ ਸੰਧੂ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਜਨਮ 1995,ਕੱਦ 5 ਫੁੱਟ 10 ਇੰਚ,ਪੜਾਈ: +2, ਪਿੰਡ ਵਿੱਚ 4 ਕਿੱਲੇ ਜਮੀਨ ਅਤੇ ਵੱਡ ਅਕਾਰੀ ਕੋਠੀ ਦੇ ਮਾਲਕ ਲਈ ਕਨੇਡੀਅਨ ਸਿਟੀਜਨ, ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦੇ ਭੈਣ ਭਰਾ ਕੈਨੇਡਾ ਸੈਟਲ ਹਨ। ਮਾਤਾ ਪਿਤਾ ਕੋਲ ਕੈਨੇਡਾ ਦਾ ਵੀਜ਼ਾ ਹੈ । ਮੈਰਿਜ ਬਿਊਰੋ ਸੰਪਰਕ ਨਾ ਕਰਨ। ਕਾਲ: 403 690 7532 ***301***3

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਰਵੀਦਾਸੀਆ ਪਰਿਵਾਰ ਦੀ ਇੰਡੀਆ ਜੰਮੀ,ਕਨੇਡਾ ਵਿੱਚ ਪੜ੍ਹ-ਲਿਖ ਕੇ ਵੱਡੀ ਹੋਈ ਲੜਕੀ ਜਨਮ 1996, ਕੱਦ 5 ਫੁੱਟ 6 ਇੰਚ, ਬੀਐਸ ਸੀ ਨਰਸਿੰਗ ਐਂਡ ਬੀ ਐਸ ਸੀ ਸਾਇੰਸ, ਅਲਬਰਟਾ ਹੈਲਥ ਕੇਅਰ ਨਾਲ ਆਰ ਐਨ ਦੀ ਜੌਬ ਕਰਦੀ ਲਈ, ਕਨੇਡੀਅਨ ਸਿਟੀਜਨ ਪਰਿਵਾਰ ਦੇ ਵੈਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 897 6958 ਜਾਂ ਈ ਮੇਲ: harpal_bgr@yahoo.ca ***300***3

### ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਕੈਲਗਰੀ ਚਾਈਲਡ ਕੇਅਰ ਵਰਕ ਪਰਮਿਟ ਉੱਪਰ ਰਹਿੰਦੀ ਲੜਕੀ ਜਨਮ 1988, ਕੱਦ 5 ਫੁੱਟ 6 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈਸ਼ਨੂੰ ਸਰਦਾਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਏਰੀਆ ਨੂੰ ਪਹਿਲ, ਲੜਕੀ ਦਾ ਸਾਰਾ ਪਰਿਵਾਰ ਕੈਨੇਡਾ ਸੈੱਟਲਡ ਹੈ। ਤਲਾਕ ਸੁਦਾ ਜਾਂ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ: 403 617 2302 ***300***3

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਅਰੋੜਾ(ਚੁੱਘ) ਪਰਿਵਾਰ ਦੇ ਕੈਲਗਰੀ ਰਹਿੰਦੇ,ਆਪਣਾ ਕਾਰੋਬਾਰ ਕਰਦੇ ਲੜਕੇ, ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਐਮ ਬੀ ਏ ਡਿਗਰੀ ਹੋਲਡਰ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 91 98149 50867 (ਵਟਸਐਪ) ***300***3

### ਲੜਕੀ ਦੀ ਲੋੜ

ਯੂ ਐਸ ਏ ਗਰੀਨ ਕਾਰਡ,ਵੈੱਲ ਸੈਟਲਡ, ਹੋਲਡਰ, ਲੁਬਾਣਾ (ਘੋਤੜਾ) ਪਰਿਵਾਰ ਦੇ ਲੜਕੇ ਜਨਮ 1996,ਕੱਦ 5 ਫੁੱਟ 8 ਇੰਚ, ਗਰੇਡ 12 ਪਾਸ ਲੜਕੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਕੈਲਗਰੀ ਵਿੱਚ ਆਪਣਾ ਬਿਜਨਿਸ ਅਤੇ ਘਰ ਹੈ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਵੈਲ ਸੈਟਲਡ ਹੈ। ਸੰਪਰਕ: 403 585 8878 ਜਾਂ ਈ ਮੇਲ: sukhjit90580@gmail.com ***300***3

### ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਸੰਘਾ ਪਰਿਵਾਰ ਦੀ ਲੜਕੀ, ਉਮਰ 29 ਸਾਲ, ਕੱਦ 5 ਫੁੱਟ 5 ਇੰਚ, ਕਰਿਮੀਨਲ ਜਸਟਿਸ ਦੀ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਲੋੜ ਹੈ । ਸੰਪਰਕ: 1587 707 3029 ***300***3

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

### ਲੜਕੇ ਦੀ ਲੋੜ

ਕੈਨੇਡੀਅਨ ਜੰਮਪਲ ਦੋਵੇਂ ਸੱਭਿਆਚਾਰਾਂ ਤੋਂ ਜਾਣੂੰ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਫਾਰਮੇਸੀ ਅਸਿਸਟੈਂਟ ਲੜਕੀ,ਉਮਰ 26 ਸਾਲ,ਕੱਦ 5 ਫੁੱਟ 5 ਇੰਚ ਲਈ ਕੈਨੇਡੀਅਨ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ ਆਏ ਗੁਰਸਿੱਖ ਪਰਿਵਾਰ ਦੇ ਵੈਸ਼ਨੂੰ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਰਿਵਾਰ ਪਿਛਲੇ 30 ਸਾਲ ਤੋਂ ਕੈਨੇਡਾ ਸੈਟਲ ਹੈ । ਮੈਰਿਜ ਬਿਊਰੋ ਜਾਂ ਇੰਡੀਆ ਰਹਿੰਦੇ ਲੜਕੇ ਵਾਲੇ ਸੰਪਰਕ ਨਾ ਕਰਨ । ਸੰਪਰਕ:1 403 472 0468 **299*3**

### ਲੜਕੇ ਦੀ ਲੋੜ

Jatt Sikh parents seeking a suitable match for their daughter, a Canadian citizen, born 1988, 5 '33 , registered physiotherapist, based in Calgary. A boy should be well educated in good moral values, either doing a decent job or running a business. Calgary or Edmonton preferred. Contact number + 91 96466 -18381, + 91 98724 98252 ***299***3***

### ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ,ਨਸ਼ਿਆਂ ਤੋਂ ਰਹਿਤ, ਆਪਣਾ ਕਾਰੋਬਾਰ ਕਰਦੇ, ਸੰਘਾ ਪਰਿਵਾਰ ਚੋਂ ਘਰਵਾਲੀ ਤੋਂ ਅਲੱਗ ਰਹਿੰਦੇ,ਉਮਰ 58 ਸਾਲ, ਕੱਦ 5 ਫੁੱਟ 8 ਇੰਚ, ਲਈ ਜੀਵਨ ਸਾਥਣ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਤਲਾਕ ਸੁਦਾ ਜਾਂ ਵਿਧਵਾ ਹੋਈ ਜੀਵਨ ਸਾਥਣ ਦੀ ਉਮਰ 50 ਸਾਲ ਤੋਂ ਘੱਟ ਨਾ ਹੋਵੇ। ਕੈਨੇਡਾ ਜਾਂ ਇੰਡੀਆ ਤੋਂ ਬੱਚੇ ਸਮੇਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 718 7234 ***299***3***

### ਲੜਕੀ ਦੀ ਲੋੜ

35-year-Old/ 5'10", never married, clean-shaven, Ramgarhia Sikh, Canadian citizen, well-settled businessman in Winnipeg, Canada. Successful entrepreneur in Real Estate & Mortgage Financing. Seeking educated, family-oriented girl from a respectable family. Canada/USA preferred. WhatsApp: -204-510-7658 ***300***3

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ, ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਜਨਮ (ਇੰਡੀਆ) 1996, ਕੱਦ 6 ਫੁੱਟ 2 ਇੰਚ, ਏਅਰ ਕਰਾਫਟ ਮੈਨਟੀਨੈਂਸ ਡਿਪਲੋਮਾਂ ਹੋਲਡਰ ਲਈ,ਪੜੀ ਲਿਖੀ,ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਹੈ ਅਤੇ ਮੌਜੂਦਾ ਸਮੇ ਸੀ ਐਨ ਵਿੱਚ ਲੋਕੋਮੋਟਿਵ ਇੰਜੀਨਅਰ ਵੱਜੋਂ ਜੈਸਪਰ ਵਿਖੇ ਜੌਬ ਕਰ ਰਿਹਾ ਹੈ। ਸੰਪਰਕ: 1 204 293 6735 ***297***F***

### ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5" feet, B. Tech & MBA, working in a leading company in management role. Boy should be well educated of good moral values either doing decent job or business. Cell no./Whatsapp +1 587 434 0817 ***299***rana*

### ਲੜਕੇ ਦੀ ਲੋੜ

**ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth ( Anees school Mohali.) Gcg college AA sector Chandigarh (B.A) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ । ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ । ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ । ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ । WhatsApp ਸੰਪਰਕ: 91 98724 26732** ***299**k**

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 299*Roop**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***315 rao***

### ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈਂਟਲ ਹਨ ਜੋ ਕਿ ਲੜਕੇ ਨੂੰ ਸੈਂਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

**Need Office Administrator**

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba**

**@403-975-0128**

# ਕਲਮੀ ਸੱਥ

## ਸਾਉਣ ਦੀਆਂ ਬੋਲੀਆਂ

ਜੀਹਨੇ ਕੁੱਲ ਸ੍ਰਿਸ਼ਟੀ ਸਾਜੀ,ਉਹਦਾ ਸ਼ੁਕਰ ਮਨਾਵਾਂ।
ਚਹੁੰ ਪਾਸੇ ਹਰਿਆਲੀ ਨੱਚਦੀ, ਮੈਂ ਬਲਿਹਾਰੇ ਜਾਵਾਂ।
ਸਾਉਣ ਮਹੀਨਾ ਦਿਨ ਤੀਆਂ ਦੇ, ਜੋੜ ਬੋਲੀਆਂ ਪਾਵਾਂ।
ਕੁਦਰਤ ਦਾਤੇ ਦੀ, ਝੁਕ ਝੁਕ ਸੀਸ ਨਿਵਾਵਾਂ।
2. ਆਰੀ-ਆਰੀ-ਆਰੀ,
ਹੁਣ ਉਹ ਕਿੱਧਰ ਗਈ,
ਜਿਹੜੀ ਲਗਦੀ ਰੌਣਕ ਸੀ ਭਾਰੀ।
ਕਿਹੜੀ ਮਿੱਤਰੋ ਵਗੀ ਹਨੇਰੀ,
ਹੋਰ ਦੱਸੋ ਕੀ ਹੋਇਆ
ਪਿੱਪਲ਼ਾਂ ਦੇ ਗਲ਼ ਲੱਗ ਕੇ,
ਪਿੰਡ ਦਾ ਬਰੋਟਾ ਰੋਇਆ
3. ਸਾਉਣ ਤੇ ਭਾਦੋਂ ਇੱਕੋ ਹੋਈਆਂ,
ਕਿਹੜਾ ਫਰਕ ਪਛਾਣੇ।
ਖੀਰ ਪੂੜਿਆਂ ਨੂੰ ਨੱਕ ਮਾਰਨ,
ਪੀਜ਼ੇ ਖਾਣ ਨਿਆਣੇ।
ਬੋਲੀ ਪਾਉਣੀ ਭੁੱਲੀ ਪੰਜਾਬਣ,
ਗਾਉਂਦੀ ਫਿਲਮੀ ਗਾਣੇ।
ਬੋਲੀ ਬਦਲ ਗਈ
ਬਦਲ ਗਏ ਨੇ ਬਾਣੇ
4. ਤੇਲ ਬਾਝ ਨਾ ਪੱਕਣ ਗੁਲਗਲੇ,
ਦੇਖ ਲਿਆ ਪਰਤਿਆਕੇ।
ਸਾਰੀ ਰਾਤ ਮੈਨੂੰ ਨੀਂਦ ਨੀ ਆਈ,
ਤੱਤੇ ਗੁਲਗਲੇ ਖਾ ਕੇ।
ਬੀ. ਪੀ. ਨਾਲ਼ੇ ਸ਼ੂਗਰ ਵਧਗੀ,
ਚੱਲ ਡਾਕਟਰ ਕੋਲ਼ ਜਾਈਏ।
ਖਾ ਲਏ ਰੋਗਾਂ ਨੇ,
ਕਿੱਦਾਂ ਸਾਉਣ ਮਨਾਈਏ
5. ਕੰਧ ਉੱਚੀਓ ਉੱਚੀ, ਕੋਠਾ ਨਿੱਸਰ ਗਿਆ,
ਨੀ ਬਚਾ ਲਓ ਸਖੀਓ ਵਿਰਸਾ ਵਿੱਸਰ ਗਿਆ।
ਨੀ ਬਚਾ ਲਓ....
6. ਰੰਗਲਾ ਕਿਤੇ ਪੰਜਾਬ ਖੋ ਗਿਆ,
ਚਿੱਟਾ ਖਾਏ ਜਵਾਨੀ।
ਚੌੜੇ ਜੁੱਸੇ ਸੌੜੇ ਹੋ ਗਏ,
ਘਰ-ਘਰ ਇਹੀ ਕਹਾਣੀ।
ਜੰਗਲ ਨੂੰ ਅੱਗ ਕੀਹਨੇ ਲਾਈ,
ਛਿੱਟਾ ਮਾਰ ਬੁਝਾਦੇ,
ਸਾਉਣ ਦਿਆ ਬੱਦਲ਼ਾ ਵੇ,
ਹਾੜਾ ਠੰਢ ਵਰਸਾਦੇ
7. ਨਾ ਗਲ਼ੀਆਂ ਵਿੱਚ ਬਚਪਨ ਖੇਡੇ,
ਨਾ ਕੋਈ ਮੀਂਹ ਵਿੱਚ ਨ੍ਹਾਵੇ।
ਨਾ ਪਿੱਪਲ਼ੋਂ ਕੋਈ ਪੱਤੇ ਤੋੜੇ,
ਨਾ ਕੋਈ ਪੀਘਾਂ ਪਾਵੇ।
ਸਾਰਾ ਕੁੱਝ ਹੁਣ ਨਕਲੀ ਜਾਪੇ,
ਵਾਂਗ ਕਾਗਜ਼ੀ ਫਾਈਲਾਂ।
ਬਚਪਨ ਕੀਲ੍ਹ ਲਿਆ,
ਟੀ. ਵੀ. ਅਤੇ ਮੋਬਾਈਲਾਂ
8. ਪਿੱਪਲ਼ ਬਰੋਟੇ ਕੋਲ਼ੋਂ ਪੁੱਛਦਾ,
ਸਾਂਝਾਂ ਕਿੱਧਰ ਗਈਆਂ।
ਛਿੰਝਾਂ ਮੱਲ ਅਖਾੜੇ ਮੁੱਕੇ,
ਗੀਤ ਗਾਉਣ ਨਾ ਸਈਆਂ।
ਕਿੰਨੀਆਂ ਚੀਜ਼ਾਂ ਨਿਗਲ਼ ਗਈ,
ਇਹ ਬੇ ਮਤਲਬ ਦੀ ਤੇਜ਼ੀ।
ਪਿੰਡ ਦਾ ਪਿੜ ਖਾਲੀ,
ਤੀਆਂ ਹੋਈਆਂ ਸਟੇਜੀ।
9.ਮੱਝੀਆਂ ਚਰਾ ਲਓ ਭੈਣ ਮਾਰੇ ਨਾ ਅਵਾਜ਼ ਵੇ।
ਬਾਪੂ ਰਹਿ ਗਿਆ ਕੱਲਾ ਵੀਰੇ ਚੜ੍ਹਗੇ ਜਹਾਜ਼ ਵੇ।
ਬਾਪੂ ਰਹਿ ਗਿਆ......
10. ਬੇੜੀ ਦਾ ਪੂਰ ਤ੍ਰਿੰਝਣੀ ਕੁੜੀਆਂ,
ਵੇਲ਼ਾ ਫੇਰ ਨਾ ਆਵੇ।
ਨਵਿਆਂ ਸੰਗ ਰਲ਼ ਤੁਰਨਾ ਪੈਣਾ,
"ਸਿੱਧੂ" ਮਨ ਸਮਝਾਵੇ।
ਦਿਲ ਦੇ ਕੋਨੇ ਵਸਿਆ ਸਾਵਣ,
ਝੋਰਾ ਮਨ ਨੂੰ ਲਾਵੇ।
ਨੱਚ ਲੈ ਸ਼ਿਆਮ ਕੁਰੇ,
"ਸਿੱਧੂ" ਬੋਲੀਆਂ ਪਾਵੇ।



ਸੁਖਵਿੰਦਰ ਕੌਰ ਸਿੱਧੂ,
ਕੈਨੇਡਾ 7785221977

## ਅਜ਼ੀਮ ਸ਼ੇਖ਼ਰ ਦੀਆਂ ਪੰਜ ਗ਼ਜ਼ਲਾਂ

ਸਿਮਟੀ ਉਡਾਨ ਜਦ ਤੋਂ ਚਾਹਤ ਦੇ ਅੰਬਰਾਂ ਦੀ ।
ਛਤਰੀ ਹੈ ਖ਼ਾਬ ਤਦ ਤੋਂ ਚੀਨੇ ਕਬੂਤਰਾਂ ਦੀ ।
ਕੁੱਝ ਰੇਤ ਦੇ ਖ਼ੁਦਾ ਹਨ ਕੁੱਝ ਮੋਮ ਦੇ ਖਿਡਾਉਣੇ,
ਦਿਸਦੀ ਹੈ ਭੀੜ ਬਾਕੀ ਰੰਗਦਾਰ ਪੱਥਰਾਂ ਦੀ ।
ਕਿਸ਼ਤੀ ਨੇ ਰੰਗ ਆਪਣੇ ਪਾਣੀ ਨੂੰ ਸੌਂਪਣੇ ਕਿਉਂ
ਸਮਝੀ ਹੈ ਚਾਲ ਜਦ ਤੋਂ ਗਹਿਰੇ ਸਮੁੰਦਰਾਂ ਦੀ ।
ਜਿੱਥੋਂ ਉਦਾਸ ਹੋ ਕੇ ਪਰਤੇ ਨੇ ਲੋਕ ਅਕਸਰ
ਰੌਣਕ ਅਜੀਬ ਦੇਖੀ ਉਹਨਾਂ ਹੀ ਦਫ਼ਤਰਾਂ ਦੀ ।
ਪਾ ਕੇ ਨਕਾਬ ਝੂਠੇ ਕਿਰਦਾਰ ਬਦਲਦੇ ਜੋ,
ਬਦਨਾਮ ਕਰ ਰਹੇ ਨੇ ਬਸਤੀ ਕਲੰਦਰਾਂ ਦੀ ।
ਕਰਦੇ ਨੇ ਦਾਅਵੇ ਜਿੱਤ ਦੇ ਝੂਠੇ 'ਅਜ਼ੀਮ' ਏਥੇ ,
ਦੁਨੀਆਂ ਇਹ ਕਾਗਜ਼ੀ ਹੈ ਹਾਰੇ ਸਿਕੰਦਰਾਂ ਦੀ ।

------------------------------

ਸਤਿਆ ਹਾਦਸਿਆਂ ਤੋਂ ਬੰਦਾ ਖ਼ੁਦ ਤੋਂ ਕਿੱਥੇ ਭੱਜ ਸਕਦਾ ਹੈ ।
ਚਸ਼ਮੇਂ ਆਪਣੇ ਦਾ ਹੀ ਸ਼ੀਸ਼ਾ ਟੁੱਟਕੇ ਅੱਖ ਵਿੱਚ ਵੱਜ ਸਕਦਾ ਹੈ ।

ਬਸਤੀ ਦੇ ਮਸਲੇ ਹੱਲ ਕਰਦੇ ਲੋਕੀਂ ਇਹ ਸਭ ਸਮਝ ਗਏ ਹਨ,
ਕਿ ਇੰਜ ਗੰਗਾ ਨ੍ਹਾ ਸਕਦੇ ਹਾਂ, ਏਦਾਂ ਵੀ ਹੋ ਹੱਜ ਸਕਦਾ ਹੈ ।

ਮਨ ਦੇ ਖੰਡਰ ਲੰਘ ਕੇ ਜਦ ਮੈਂ ਅਪਣੇ ਕਮਰੇ ਵਿੱਚ ਆਇਆ ਤਾਂ,
ਸਮਝ ਗਿਆ ਕਿ ਇੱਕ ਸ਼ੌਦਾਈ ਅਪਣਾ ਕੀ-ਕੀ ਤੱਜ ਸਕਦਾ ਹੈ ।

ਮੇਰੀ ਚੁੱਪ ਦੇ ਓਹਲੇ ਧੜਕੇ ਦਿਲ ਵਿੱਚ ਰਾਜ਼ ਮੁਹੱਬਤ ਦਾ ਜੋ,
ਮਨ ਮਰਜ਼ੀ ਦਾ ਲੀੜਾ ਵੀ ਕਦ ਸੋਹਣੀ ਸ਼ੈਅ ਨੂੰ ਕੱਜ ਸਕਦਾ ਹੈ ।

ਗ਼ੁਜ਼ਰੇ ਕੱਲ੍ਹ ਦੇ ਨਕਸ਼ ਗਵਾਚੇ ਉਹ ਕੱਲ੍ਹ ਵਿੱਚੋਂ ਭਾਲ ਲਵੇਗਾ,
ਜੋ ਜ਼ਿੰਦਗੀ ਦੀ ਹਰ ਮੁਸ਼ਕਿਲ ਨੂੰ ਠੋਕਰ 'ਤੇ ਰੱਖ ਅੱਜ ਸਕਦਾ ਹੈ ।

------------------------------

ਭਰਮ ਸੋਹਣੀ ਜ਼ਿੰਦਗੀ ਦਾ ਜਿਸ ਨੂੰ ਪਾ ਦਿੱਤਾ ਗਿਆ ।
ਖ਼ੁਦ ਤਮਾਸ਼ਾ ਬਣ ਗਿਆ ਉਹ ਜਾਂ ਬਣਾ ਦਿੱਤਾ ਗਿਆ ।

ਭਰ ਗਿਆ ਮਨ ਹਰ ਤਜਾਰਤ ਤੋਂ ਤਾਂ ਸਾਡੇ ਖ਼ਾਬ ਨੂੰ ,
ਵਿਕਣ ਲਈ ਮੰਡੀ 'ਚ ਫਿਰ ਫ਼ਤਵਾ ਸੁਣਾ ਦਿੱਤਾ ਗਿਆ ।

ਮਨ ਦੇ ਅੰਦਰ ਸੌ ਸਲਾਖਾਂ ਦੇ ਹੈ ਪਿੱਛੇ ਆਦਮੀ ,
ਜਿਸ ਨੂੰ ਹੋਣਾ ਆਦਮੀ ਤੱਕ ਵੀ ਭੁਲਾ ਦਿੱਤਾ ਗਿਆ ।

ਮੇਰੀਆਂ ਯਾਦਾਂ ਦੇ ਪੰਛੀ ਫੇਰ ਵੀ ਪਰਤੇ ਨਹੀਂ ,
ਮਨ ਦੇ ਉੱਜੜੇ ਬਾਗ਼ ਨੂੰ ਭਾਵੇਂ ਸਜਾ ਦਿੱਤਾ ਗਿਆ ।

ਤਪਸ਼ ਤੇ ਛਾਵਾਂ ਦੇ ਉਸ ਲਈ ਅਰਥ ਇੱਕੋ ਹੋ ਗਏ,
ਆਪਣੀ ਛਾਂ 'ਚੋਂ ਵੀ ਜਦ ਬੰਦਾ ਉਠਾ ਦਿੱਤਾ ਗਿਆ ।

----------------------------------------

ਟੁੱਟ ਕੇ ਜੁੜਣਾ ਜੁੜ ਕੇ ਟੁੱਟਣਾ ਏਨਾ ਵੀ ਆਸਾਨ ਨਹੀਂ ਹੈ ।
ਜੀਣਾ ਭਰਮ ਜਿਹਾ ਲੱਗ ਸਕਦੈ ਲੱਗ ਸਕਦੈ ਕਿ ਜਾਨ ਨਹੀਂ ਹੈ ।
ਜਿੰਨਾ ਚਿਰ ਦਿਲ ਧੜਕ ਰਿਹਾ ਹੈ ਸਮਝ ਰਿਹਾ ਹੈਂ ਕਿਉਂ ਤੂੰ ਏਦਾਂ,
ਕਿ ਇਹ ਧਰਤ ਬੇਗਾਨੀ ਹੈ ਜਾਂ ਇਹ ਤੇਰਾ ਅਸਮਾਨ ਨਹੀਂ ਹੈ ।
ਬੰਦ ਖਿੜਕੀਆਂ ਨੇਰ੍ਹੇ ਕਮਰੇ ਤੇ ਕਿਉਂ ਵਿਹੜੇ ਚੁੱਪ ਵਿਛੀ ਹੈ,
ਘਰ ਬੂਹੇ 'ਤੇ ਲੱਗਾ ਜਿੰਦਰਾ ਸਮਝ ਗਿਆ ਹੈਰਾਨ ਨਹੀਂ ਹੈ ।
ਅਕਸ ਮੁਕੰਮਲ ਲੱਭਦਾ ਓਹੀ ਦੁਨੀਆਂ 'ਤੇ ਇਤਰਾਜ਼ ਹੈ ਕਰਦਾ,
ਜਿਸਦੀ ਆਪਣੇ ਹੀ ਘਰ ਸ਼ੀਸ਼ਾ ਵੀ ਕਰਦਾ ਪਹਿਚਾਨ ਨਹੀਂ ਹੈ ।
ਰਸਤੇ ਰੁੱਸਦੇ ਤੇ ਜ਼ਿੰਦਗੀ ਦਾ ਹਰ ਪਲ ਹੰਝੂ ਬਣ ਜਾਣਾ ਸੀ ,
ਸ਼ੁਕਰ ਹੈ ਬੰਦਾ ਰੁੱਖ ਨਹੀਂ ਹੈ,
ਰੁੱਖਾਂ ਕੋਲ ਜ਼ੁਬਾਨ ਨਹੀਂ ਹੈ ।

----------------------------------------

ਆਪਣੇ ਕਮਰੇ ਵਿੱਚੋਂ ਆਖਿਰ ਜਾਲ਼ੇ ਲਾਹੁਣੇ ਪੈਣੇ ਸਨ ।
ਊਣੇ ਪੌਣੇ ਫ਼ਰਜ਼ੀ ਰਿਸ਼ਤੇ ਦਿਲੋਂ ਮੁਕਾਉਣੇ ਪੈਣੇ ਸਨ ।
ਜੰਗਲ ਵਰਗੇ ਸ਼ਹਿਰੋਂ ਲੰਘਦਿਆਂ ਫਿਕਰ ਨਹੀਂ ਪੈਰਾਂ ਦਾ ਪਰ,
ਪੈਰਾਂ ਵਾਲੇ ਸੱਪਾਂ ਕੋਲੋਂ ਖ਼ਾਬ ਬਚਾਉਣੇ ਪੈਣੇ ਸਨ ।
ਅਰਥ ਨਿਗੂਣੇ ਕਰਕੇ ਵੀ ਜੋ ਹੱਕ ਜਤਾਵਣ ਵਾਕਾਂ 'ਤੇ,
ਦੋ-ਅਰਥੇ ਹਰ ਸ਼ਬਦ 'ਚੋਂ ਅੱਖਰ ਗਲਤ ਮਿਟਾਉਣੇ ਪੈਣੇ ਸਨ ।
ਆਪਣੀ ਹੀ ਫੋਟੋ ਵਿੱਚ ਉਲਝੇ ਸਿੱਕਿਆਂ ਵਰਗੇ ਲੋਕਾਂ ਨੂੰ ,
ਉਹਨਾਂ ਦੀ ਔਕਾਤ ਦੇ ਤਿੜਕੇ ਅਕਸ ਵਿਖਾਉਣੇ ਪੈਣੇ ਸਨ ।
ਹਰ ਇੱਕ ਸਫ਼ਰ 'ਤੇ ਠੋਕਰ ਬਣਕੇ ਮਿਲਦਾ ਜਿੱਥੇ ਨ੍ਹੇਰਾ ਸੀ,
ਮੈਨੂੰ ਉਸ ਰਸਤੇ ਦੇ ਉੱਤੇ ਦੀਪ ਜਗਾਉਣੇ ਪੈਣੇ ਸਨ ।



ਅਜ਼ੀਮ ਸ਼ੇਖ਼ਰ ਯੂ ਕੇ
447916257981

## ਵੀਰਾ ਅੱਜ ਦੇ ਸ਼ੁੱਭ ਦਿਹਾੜੇ

ਵੀਰਾ ਅੱਜ ਦੇ ਸ਼ੁੱਭ ਦਿਹਾੜੇ,
ਦਿਲ ਤੋਂ ਦਿਆਂ ਦੁਆਵਾਂ।
ਰੱਖੜੀ ਦੇ ਤਿਉਹਾਰ ਤੇ ਬੀਬਾ,
ਦਿਲ ਦਾ ਹਾਲ ਸੁਣਾਵਾਂ।
ਜੁੜੀਆਂ ਰਹਿਣ ਹਮੇਸ਼ਾ ਸਾਡੇ,
ਪਿਆਰ ਦੀਆਂ ਇਹ ਤੰਦਾਂ।
ਮੇਰੀਆਂ ਯਾਦਾਂ ਦੇ ਵਿੱਚ ਵਸੀਆਂ,
ਘਰ ਤੇਰੇ ਦੀਆਂ ਕੰਧਾਂ।
ਕਿਧਰੇ ਭੁੱਲ ਨਾ ਜਾਈਂ ਅੜਿਆ,
ਭੈਣਾਂ ਦਾ ਸਿਰਨਾਵਾਂ
ਵੀਰਾ ...
ਬਹਿੰਦੀ ਉਠਦੀ ਹਰ ਵੇਲੇ ਮੈ,
ਸੁੱਖਾਂ ਤੇਰੀਆਂ ਮੰਗਾਂ।
ਦੁੱਖ ਸੁੱਖ ਆਪਣੇ ਸਿਰ ਤੇ ਝੱਲਾਂ,
ਤੈਨੂੰ ਦੱਸਦੀ ਸੰਗਾਂ।
ਤੇਰੇ ਉੱਤੇ ਦੁੱਖ ਮੇਰੇ ਦਾ,
ਪੈ ਨਾ ਜਾਏ ਪਰਛਾਵਾਂ
ਵੀਰਾ ...
ਮਾਪੇ ਸਦਾ ਨਾ ਬੈਠੇ ਰਹਿਣੇ,
ਵੀਰ ਭੈਣ ਦੀਆਂ ਬਾਹਵਾਂ।
ਭੁੱਲੀ ਵਿਸਰੀ ਭੈਣ ਜੋ ਤੈਨੂੰ,
ਤੱਕਦੀ ਤੇਰੀਆਂ ਰਾਹਵਾਂ।
ਵੀਰ ਮੇਰੇ ਨੂੰ ਲੱਗ ਨਾ ਜਾਵਣ,
ਤੱਤੀਆਂ ਕਦੇ ਹਵਾਵਾਂ
ਵੀਰਾ ...
ਹਰ ਔਰਤ ਦੀ ਇੱਜ਼ਤ ਕਰਨਾ,
ਸੁੱਚਾ ਕਰਮ ਹੈ ਤੇਰਾ।
ਦੇਖ ਪਰਾਈ ਭੈਣ ਸਮਝਣਾ,
ਏਹੋ ਧਰਮ ਹੈ ਤੇਰਾ।
ਬਾਲੜੀਆਂ ਨੂੰ ਧੀਆਂ ਸਮਝੇਂ,
ਵੱਡੀਆਂ ਜਾਣੇ ਮਾਵਾਂ
ਵੀਰਾ ..
ਕਿਸੇ ਭੈਣ ਤੇ ਵੀ ਜੇ ਤੱਕਿਆ,
ਭੀੜਾਂ ਨੇ ਬਣ ਆਈਆਂ।
ਬਿਨ ਰੱਖੜੀ ਤੋਂ 'ਦੀਸ਼' ਦੇ ਵੀਰਾਂ,
ਇੱਜ਼ਤਾਂ ਲੱਖ ਬਚਾਈਆਂ।
ਤੂੰ ਮਾਲਕ ਹੈਂ ਉਸ ਵਿਰਸੇ ਦਾ,
ਤੈਨੂੰ ਯਾਦ ਕਰਾਵਾਂ
ਵੀਰਾ ...



ਗੁਰਦੀਸ਼ ਕੌਰ ਗਰੇਵਾਲ




# ਜੇ ਆਪਾਂ ਦੋਵੇਂ ਰੁੱਸ ਬੈਠੇ, ਤਾਂ ਮਨਾਊ ਦੱਸ ਕੌਣ ਵੇ ?



**ਫਰਿਜ਼ਨੋ (ਅਮਰੀਕਾ) ਵਿਖੇ, ਭੈਣ ਆਸ਼ਾ ਸ਼ਰਮਾ, ਅਸ਼ੋਕ ਬਾਂਸਲ ਮਾਨਸਾ ਅਤੇ ਕੰਗ ਸਾਹਿਬ**

ਵੀਹ ਕੁ ਵਰ੍ਹੇ ਪਹਿਲਾਂ ਜਦੋਂ ਹੰਸ ਰਾਜ ਹੰਸ ਦੀ ਆਵਾਜ਼ ਵਿੱਚ ਇੱਕ ਗੀਤ ਆਇਆ, ਜਿਸਦੇ ਬੋਲ ਸਨ ਕਿ

ਜੇ ਆਪਾਂ ਦੋਵੇਂ ਰੁੱਸ ਬੈਠੇ
ਤਾਂ ਮਨਾਊ ਦੱਸ ਕੌਣ ਵੇ

ਤਾਂ ਪੰਜਾਬ ਦੀ ਫ਼ਿਜ਼ਾ ਵਿੱਚ ਇੱਕ ਨਵੇਂ ਕਿਸਮ ਦੇ ਗੀਤ ਦੀ ਮਹਿਕ ਜਿਹੀ ਖਿਲਰ ਗਈ ਸੀ। ਗੀਤ ਵਿੱਚ ਗੀਤਕਾਰ ਦਾ ਨਾਮ ਨਹੀਂ ਸੀ। ਕੌਣ ਐ ਅਜਿਹੀ ਨਵੀਂ ਗੱਲ ਲਿਖਣ ਵਾਲਾ ਗੀਤਕਾਰ,,, ਜਿਸਨੇ ਅੱਜ ਦੇ ਸਮੇਂ ਵਿੱਚ ਗੀਤ 'ਚ ਆਪਣਾ ਨਾਮ ਵੀ ਫਿੱਟ ਕਰਨ ਦੀ ਕੋਸ਼ਿਸ਼ ਨਹੀਂ ਕੀਤੀ,,,ਬੱਸ ਗੀਤ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ ਸੱਜਣੋਂ ਇਹਨਾਂ ਸਤਰਾਂ ਦੇ ਲੇਖਕ ਦਾ ਨਾਮ ਐ ਹਰਜਿੰਦਰ ਕੰਗ । ਹਰਜਿੰਦਰ ਕੰਗ ਅਮਰੀਕਾ ਦੇ ਸੂਬੇ ਕੈਲੇਫੋਰਨੀਆ ਵਿੱਚ ਪੰਜਾਬੀਆਂ ਦੇ ਗੜ੍ਹ ਵਾਲੇ ਵੱਡੇ ਸ਼ਹਿਰ ਫਰਿਜ਼ਨੋ ਵਿਖੇ ਰਹਿੰਦਾ ਹੈ ਹਰਜਿੰਦਰ ਕੰਗ ਥੋਕ ਵਿੱਚ ਗੀਤ ਨਹੀਂ ਲਿਖਦਾ,,,,ਬੱਸ ਕਦੇ ਕਦੇ ਲਿਖਦੈ ਤੇ ਜਦੋਂ ਲਿਖਦੈ ਫੇਰ ਉਹਦਾ ਲਿਖਿਆ ਗੀਤ ਸਿਰ ਚੜ੍ਹ ਕੇ ਬੋਲਦੈ। ਹੰਸ ਰਾਜ ਹੰਸ ਦੀ ਆਵਾਜ਼ ਵਿੱਚ ਕੰਗ ਦਾ ਇੱਕ ਹੋਰ ਗੀਤ,,,ਜੋ ਪਰਵਾਸ ਦੇ ਦਰਦ ਨੂੰ ਬਿਆਨ ਕਰਦੈ

ਏਨਾਂ ਟੁੱਟ ਗਿਆ ਹਾਂ ਅੜੀਏ
ਮੁੜਕੇ ਮੈਥੋਂ ਜੁੜ ਨਹੀਂ ਹੋਣਾਂ
ਪਰਦੇਸਾਂ ਵਿੱਚ ਰੁਲ ਜਾਣਾ ਏ
ਹੁਣ ਵਤਨਾਂ ਨੂੰ ਮੁੜ ਨਹੀਂ ਹੋਣਾਂ
ਖ਼ਾਬਾਂ ਦੀ ਇੱਕ ਸੇਜ ਸਜਾ ਕੇ
ਰੰਗਲੇ ਪਲੰਘ ਨਵਾਰੀ ਤੇ
ਹੁਣ ਮੇਰੇ ਨਾਂ ਦਾ ਫੁੱਲ ਨਾਂ ਪਾਈਂ
ਤੂੰ ਆਪਣੀ ਫੁਲਕਾਰੀ ਤੇ

ਇਸੇ ਗੀਤ ਵਿੱਚ ਇੱਕ ਬਹੁਤ ਕਮਾਲ ਦਾ ਸ਼ੇਅਰ ਦੇਖਿਓ

ਇੰਝ ਵੀ ਹੁੰਦੈ ਸੁਪਨੇ ਸਾਰੇ
ਖੁਦ ਦਫਨਾਉਣੇ ਪੈ ਜਾਂਦੇ ਨੇ
ਕਦੇ ਕਦੇ ਜਿਉਂ ਅੰਗ ਨਕਾਰੇ
ਆਪ ਕਟਾਉਣੇ ਪੈ ਜਾਂਦੇ ਨੇ
ਟੁੱਟੇ ਤਾਰੇ ਦਾ ਸਿਰਨਾਵਾਂ
ਮਿਲੇ ਨਾ ਦੁਨੀਆਂ ਸਾਰੀ ਤੇ
ਹੁਣ ਮੇਰੇ ਨਾਂ ਦਾ ਫੁੱਲ ਨਾਂ ਪਾਈਂ
ਤੂੰ ਆਪਣੀ ਫੁਲਕਾਰੀ ਤੇ

ਹਰਜਿੰਦਰ ਕੰਗ ਮੂਲ ਰੂਪ ਵਿੱਚ ਗ਼ਜ਼ਲ ਲਿਖਦੈ। ਗ਼ਜ਼ਲ ਵਿੱਚਲੀ ਗਹਿਰਾਈ ਉਸਦੇ ਗੀਤਾਂ ਵਿੱਚ ਵੀ ਸਾਫ ਨਜ਼ਰ ਆਉਂਦੀ ਐ। ਉਸਦੇ ਗੀਤ ਚੋਟੀ ਦੇ ਗਾਇਕਾਂ ਨੇ ਗਾਏ। ਫਰਿਜ਼ਨੋ ਦਾ ਗਾਇੱਕ ਧਰਮਵੀਰ ਥਾਂਦੀ ਜੋ ਖੁਦ ਵੀ ਬਹੁਤ ਕਮਾਲ ਦਾ ਗੀਤਕਾਰ ਐ। ਥਾਂਦੀ ਵੀ ਕੰਗ ਦੇ ਗੀਤ ਰੂਹ ਨਾਲ ਗਾਉਂਦੈ

ਦੁਨੀਆਂ ਸਜੀ ਸਜਾਈ ਛੱਡ ਕੇ ਤੁਰ ਜਾਵੇ
ਸੱਜਣ ਭੈਣਾਂ ਭਾਈ ਛੱਡ ਕੇ ਤੁਰ ਜਾਵੇ
ਡਾਹਢੇ ਅੱਗੇ ਜ਼ੋਰ ਨਾ ਚਲਦਾ ਬੰਦੇ ਦਾ
ਹੱਥ ਵਿੱਚ ਫੜੀ ਗਰਾਹੀ ਛੱਡ ਕੇ ਤੁਰ ਜਾਵੇ

ਪਰਦੇਸਾਂ ਦਾ ਦੁੱਖ ਕੰਗ ਦੇ ਗੀਤਾਂ ਵਿੱਚ ਡੁਲ੍ਹ ਡੁਲ੍ਹ ਪੈਂਦਾ ਐ। ਪ੍ਰਸਿੱਧ ਗਾਇੱਕ ਗਿੱਲ ਹਰਦੀਪ ਦੀ ਆਵਾਜ਼ ਵਿੱਚ ਕੰਗ ਦੇ ਬੋਲ  ਇਸ ਵਾਰੀ ਜਦ

ਪਿੰਡੋਂ ਹੋਕੇ ਆਇਆ ਹਾਂ
ਆਪਣੇ ਹੀ ਗਲ ਲੱਗ ਲੱਗ ਰੋਕੇ ਆਇਆ ਹਾਂ
ਪੈੜ ਨਹੀਂ ਸੀ ਮੇਰੀ ਪਗਡੰਡੀਆਂ ਤੇ
ਪੱਗ ਡੰਡੀਆਂ ਦੇ ਕੋਲ ਖੜੋ ਕੇ ਆਇਆ ਹਾਂ

ਹਰਜਿੰਦਰ ਕੰਗ ਦੇ ਕੁੱਝ ਕੁ ਹੋਰ ਗੀਤ ਜੋ ਵੱਖ ਵੱਖ ਗਾਇਕਾਂ ਦੀ ਆਵਾਜ਼ ਵਿੱਚ ਰਿਕਾਰਡ ਹੋਏ

1. ਮੁੱਖੜਾ ਤੁਹਾਡਾ(ਹੰਸ ਰਾਜ ਹੰਸ)
2. ਛਮ ਛਮ ਰੋਣ ਅੱਖੀਆਂ(ਹੰਸ ਰਾਜ ਹੰਸ)
3. ਕੁੜੀਆਂ ਚਿੜੀਆਂ ਹੁੰਦੀਆਂ ਨੇ(ਹੰਸ ਰਾਜ ਹੰਸ)
4. ਦੇਖਿਓ ਪੰਜਾਬੀਓ ਪੰਜਾਬੀ ਨਾ ਭੁਲਾ ਦਿਓ(ਗਿੱਲ ਹਰਦੀਪ)
5. ਸਾਡੀਆਂ ਨਿਸ਼ਾਨੀਆਂ(ਸਾਬਰਕੋਟੀ)
6. ਦੂਰ ਜਾਣ ਵਾਲਿਆ(ਸਾਬਰਕੋਟੀ)
7. ਸਾਹਾਂ ਨੂੰ ਸਰੂਰ(ਫ਼ਿਰੋਜ਼ ਖ਼ਾਨ ਫ਼ਿਲਮ: ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ
8. ਸ਼ਹੀਦ(ਨਛੱਤਰ ਗਿੱਲ, ਫ਼ਿਲਮ: ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ)
9. ਮਾਂ( ਸੁਖਦੇਵ ਸਾਹਿਲ)
10. ਤੇਰੀ ਖ਼ਾਤਿਰ ( ਧਰਮਵੀਰ ਥਾਂਦੀ)
11. ਚੰਨ ਜਿਹਾ(ਵਜ਼ੀਰ ਸਿੰਘ)

# ਗੁਰਮਿੰਦਰ ਉਹਦਾ ਨਾਂ ਹੋਵੇ, ਬੋਹੜ ਵਾਲੀ ਛਾਂ ਹੋਵੇ



ਗੁਰਮਿੰਦਰ ਕੈਂਡੋਵਾਲ

ਦੁਆਬੇ ਦਾ ਮਸ਼ਹੂਰ ਜ਼ਿਲ੍ਹਾ ਹੁਸ਼ਿਆਰਪੁਰ ਜਿੱਥੇ ਸੰਸਾਰ ਪ੍ਰਸਿੱਧ ਕਲਾਕਾਰ, ਖਿਡਾਰੀ, ਅਫਸਰ ਪੈਦਾ ਹੋਏ। ਹੁਸ਼ਿਆਰਪੁਰ ਦਾ ਕਸਬਾ ਮਾਹਲਪੁਰ। ਮਾਹਲਪੁਰ ਦਾ ਵੀ ਪੰਜਾਬ ਕਲਾ ਵਿੱਚ ਵੱਡਾ ਨਾਮ ਐ। ਮਾਹਲਪੁਰ ਦੇ ਲਾਗਲਾ ਪਿੰਡ ਕੈਂਡੋਵਾਲ

ਕੈਂਡੋਵਾਲ ਨਾਮ ਕਾਫੀ ਗੀਤਾਂ ਵਿੱਚ ਆਉਂਦੈ ਕੈਂਡੋਵਾਲ ਦੇ ਨਾਮ ਨਾਲ ਹੀ ਗੁਰਵਿੰਦਰ ਕੈਂਡੋਵਾਲ,,,, ਜਿਸਨੇ ਆਪਣੇ ਗੀਤਾਂ ਰਾਹੀਂ ਕੈਂਡੋਵਾਲ ਨੂੰ ਵਿਸ਼ਵ ਦੇ ਨਕਸ਼ੇ ਤੇ ਲੈ ਆਂਦਾ। ਗੁਰਮਿੰਦਰ ਕੈਂਡੋਵਾਲ ਦੇ ਲਿਖੇ ਗੀਤ ਪੰਜਾਬ ਦੇ ਚੋਟੀ ਦੇ ਗਾਇਕਾਂ ਨੇ ਗਾਏ ਜਿਨ੍ਹਾਂ ਵਿੱਚ Sukhwinder Panchhi ਸੁਖਵਿੰਦਰ ਸਿੰਘ, ਸਵਰਗਵਾਸੀ ਦੇਸ ਰਾਜ, ਕਲੇਰ ਕੰਠ, ਸਰਦੂਲ ਸਿਕੰਦਰ, ਫਿਰੋਜ਼ ਖਾਨ ਪੰਮੀ ਬਾਈ

Gurminder Kaindowal ਉਸ ਵੇਲੇ ਚਰਚਾ ਵਿੱਚ ਆਇਆ ਜਦੋਂ ਫਾਈਨਟੋਨ ਕੰਪਨੀ ਦੇ ਮਾਲਕ Rajinder Singh ਨੇ ਉਸਦਾ ਲਿਖਿਆ ਗੀਤ Ravinder Grewal ਦੀ ਆਵਾਜ਼ ਵਿੱਚ ਰਿਕਾਰਡ ਕੀਤਾ। ਗੀਤ ਐਡਾ ਖੂਬਸੂਰਤ ਕਿ ਉਹ ਉਸ ਐਲਬਮ ਦਾ ਟਾਈਟਲ ਬਣ ਗਿਆ ਤੁਹਾਡੇ ਸਭ ਦੇ ਰਵਿੰਦਰ ਦੀ ਦੂਸਰੀ ਕੈਸਿਟ ਦਾ ਨਾਮ ਯਾਦ ਹੀ ਹੋਵੇਗਾ "ਗੁਲਾਬੀ ਪੱਗ ਬੰਨ੍ਹ ਮਿੱਤਰਾ" 1996 ਵਿੱਚ ਸੰਗੀਤਕਾਰ Tejwant Kittu ਦੇ ਸੰਗੀਤ ਵਿੱਚ ਫਾਈਨਟੋਨ ਕੰਪਨੀ ਨੇ ਇਹ ਐਲਬਮ ਰੀਲੀਜ਼ ਕੀਤੀ ਸੀ

ਕਦੋਂ ਸਾਡੇ ਬੂਹੇ ਤੇਲ ਚੁਆਉਣਾ
ਤੂੰ ਸੇਹਰੇ ਬੰਨ੍ਹ ਆਉਣਾ, ਵੇ ਕਦੋਂ ਆਉਣੀ ਜੰਨ ਮਿੱਤਰਾ
ਬੜੇ ਚਿਰ ਤੋਂ ਮੈਂ ਰੀਝਾਂ ਇਹ ਰੱਖੀਆਂ

**ਗੁਲਾਬੀ ਪੱਗ ਬੰਨ੍ਹ ਮਿੱਤਰਾ**
**ਕੈਂਡੋਵਾਲ ਮੇਰਾ ਹੋਣਾ ਏ ਵਿਆਹ ਵੇ**
**ਮੇਰਾ ਸਾਂਭਿਆਂ ਨਾ ਜਾਣਾਂ ਓਦੋਂ ਚਾਅ ਵੇ**
**ਗੁਰਮਿੰਦਰ ਨੇ ਲਾੜਾ ਬਣ ਆਉਣਾ ,**
**ਤੇ ਡੋਲੀ 'ਚ ਬਿਠਾਉਣਾ**
**ਤੇ ਹੋ ਜੂ ਧੰਨ ਧੰਨ ਮਿੱਤਰਾ**
**ਬੜੇ ਚਿਰ ਤੋਂ ਰੀਝਾਂ ਇਹ ਮੈਂ ਰੱਖੀਆਂ**
**ਗੁਲਾਬੀ ਪੱਗ ਬੰਨ੍ਹ ਮਿੱਤਰਾ**

ਉਸਤੋਂ ਬਾਅਦ ਰਵਿੰਦਰ ਗਰੇਵਾਲ ਦੀ ਇਕ ਹੋਰ ਕੈਸਿਟ "ਗੱਭਰੂ ਸ਼ੁਕੀਨ" ਦਾ ਟਾਈਟਲ ਵੀ ਗੁਰਮਿੰਦਰ ਕੈਂਡੋਵਾਲ ਦਾ ਹੀ ਸੀ

**ਗੱਭਰੂ ਸ਼ੌਕੀਨ ਹੋਵੇ, ਮੇਰੇ ਤੇ ਯਕੀਨ ਹੋਵੇ**
**ਬੀ ਏ ਵਿੱਚੋਂ ਪਾਸ ਹੋਵੇ, ਨੌਕਰੀ ਦੀ ਆਸ ਹੋਵੇ**
**ਹੋਵੇ ਗੋਰੇ ਰੰਗ ਦਾ, ਨੀ ਇਹੋ ਦਿਲ ਮੰਗਦਾ**

ਪਿੰਡ #ਕੈਂਡੋਵਾਲ ਹੋਵੇ, ਸੋਹਣਾ ਜਿਹਾ ਖਿਆਲ ਹੋਵੇ
#ਗੁਰਮਿੰਦਰ ਉਹਦਾ ਨਾਂ ਹੋਵੇ, ਬੋਹੜ ਵਾਲੀ ਛਾਂ ਹੋਵੇ
ਹੋਵੇ ਥੋੜ੍ਹਾ ਸੰਗਦਾ, ਨੀ ਇਹੋ ਦਿਲ ਮੰਗਦਾ

ਗੁਰਮਿੰਦਰ ਕੈਂਡੋਵਾਲ ਅਸਲ ਚਰਚਾ ਵਿੱਚ ਉਦੋਂ ਆਇਆ ਜਦੋਂ 2002 ਵਿੱਚ ਨਛੱਤਰ ਗਿੱਲ ਦੀ ਆਵਾਜ਼ ਵਿੱਚ ਉਸਦਾ ਉਦਾਸ ਗੀਤ ਲੋਕਾਂ ਤੱਕ ਪੁੱਜਾ

ਕਦੇ ਚੰਨ ਚੰਨ ਕਹਿੰਦੀ ਥੱਕਦੀ ਨਾ
ਕਦੇ ਹਾਮੀ ਭਰਦੀ ਅੱਕਦੀ ਨਾ
ਪਹਿਲਾਂ ਬੁਲ੍ਹੀਂ ਆਪੇ ਹਾਸੇ ਦੇਹ,
ਫਿਰ ਜ਼ੁਲਮਾਂ ਉੱਤੇ ਤੁੱਲ ਜਾਈਦੈ
ਤੈਨੂੰ ਕੋਲ ਬਿਠਾ ਕੇ ਪੁੱਛਾਂਗੇ,
ਕਿੰਝ ਵਾਅਦੇ ਕਰਕੇ ਭੁੱਲ ਜਾਈਦੈ
ਸਾਡੇ ਵਰਗਾ ਜੱਗ ਤੇ ਲਾਲ ਹੋਊ,
ਤੇਰੇ ਦਿਲ ਵਿੱਚ ਕੋਈ ਸੁਆਲ ਹੋਊ
ਤੂੰ ਲੁੱਟਿਆ ਭਾਵੇਂ ਉਜਾੜਿਆ ਏ,
ਪਰ ਵੱਸਦਾ #ਕੈਂਡੋਵਾਲ ਹੋਊ
#ਗੁਰਮਿੰਦਰਾ ਮੁੱਠੀ ਬੰਦ ਰੱਖੀਏ,
ਇੰਝ ਸ਼ਰੇਆਮ ਨੀ ਖੁਲ੍ਹ ਜਾਈਦੈ
ਤੈਨੂੰ ਕੋਲ ਬਿਠਾ ਕੇ ਪੁੱਛਾਂਗੇ
ਕਿੰਝ ਵਾਅਦੇ ਕਰਕੇ ਭੁੱਲ ਜਾਈਦੈ
ਪੀਣ ਦਾ ਨਹੀਂ ਸ਼ੌਕ ਲੋਕੀ ਆਖਦੇ ਸ਼ਰਾਬੀ
ਅਸੀਂ ਤੇਰੀਆਂ ਸਜ਼ਾਵਾਂ ਦੇ ਸਤਾਏ ਹੋਏ ਪੀਂਦੇ ਆਂ
ਹੁਣ ਤੱਕ ਕਦੋਂ ਦੇ ਨੀ ਮਰ ਮੁੱਕ ਚੁੱਕੇ ਹੁੰਦੇ
ਤੇਰੀਆਂ ਦੁਆਵਾਂ ਦੇ ਬਚਾਏ ਹੋਏ ਪੀਂਦੇ ਆਂ
ਦਿੰਦੇ ਨੇ ਗਵਾਹੀਆਂ ਤੇਰੇ ਰੱਖੇ ਹੋਏ ਵਰਤ ਨੀਂ
#ਗੁਰਮਿੰਦਰ ਦੇ ਪਿਆਰ ਵਾਲੀ ਚੜ੍ਹੀ ਸੀ ਪਰਤ ਨੀਂ
#ਕੈਂਡੋਵਾਲ ਵਿੱਚ ਗੱਲਾਂ ਤੇਰੀਆਂ ਸੁਣੀਂਦੇ ਆਂ
ਪੀਣ ਦਾ ਨੀ ਸ਼ੌਕ
ਗੱਲ ਕਹਿਣ ਦੀ ਵੀ ਨਹੀਂ,
ਚੁੱਪ ਰਹਿਣ ਦੀ ਵੀ ਨਹੀਂ
ਡਰਦੇ ਆਂ ਤੇਰੇ ਉੱਤੇ ਇਲਜ਼ਾਮ ਆਊਗਾ
ਦੁੱਖ ਦੱਸਣ ਲੱਗੇ ਤਾਂ ਤੇਰਾ ਨਾਮ ਆਊਗਾ
ਤੱਤੀਆਂ ਹਵਾਵਾਂ ਜਿੱਥੇ ਪਾਸਾ ਮੱਲ ਲੈਣਾਂ ਏ
#ਕੈਂਡੋਵਾਲ·:ਗੁਰਮਿੰਦਰ ਨੇ ਉੱਥੇ ਚੱਲ ਪੈਣਾਂ ਏ
ਤੇਰੇ ਵੱਲ ਠੰਡੀ ਹਵਾ ਦਾ ਸਲਾਮ ਆਊਗਾ
ਦੁੱਖ ਦੱਸਣ ਲੱਗੇ ਤਾਂ ਤੇਰਾ ਨਾਮ ਆਊਗਾ

ਗੁਰਮਿੰਦਰ ਉੱਚ ਵਿੱਦਿਆ ਪ੍ਰਾਪਤ ਐ ਉਸਨੇ ਡੀ ਏ ਵੀ ਕਾਲਿਜ ਹੁਸ਼ਿਆਰਪੁਰ ਤੋਂ ਡਬਲ ਐਮ ਏ ਕੀਤੀ ਹੋਈ ਐ। ਕਿੱਤੇ ਵੱਜੋਂ ਉਹ ਆਪਣਾ ਸਕੂਲ ਚਲਾ ਰਿਹਾ ਐ। ਅੱਜਕਲ੍ਹ ਗੁਰਮਿੰਦਰ ਕੁੱਝ ਨਵੇਂ ਕਲਾਕਾਰਾਂ ਨੂੰ ਤਿਆਰ ਕਰ ਰਿਹਾ ਐ। ਉਮੀਦ ਐ ਭਵਿੱਖ ਵਿੱਚ ਉਹ ਹੋਰ ਦਿਲ ਟੁੰਬਵੇਂ ਗੀਤ ਲੈਕੇ ਰੂਬਰੂ ਹੋਵੇਗਾ । ਗੁਰਮਿੰਦਰ ਦੇ ਇਹ ਤਸਵੀਰ ਨਛੱਤਰ ਗਿੱਲ ਦੀ ਰਿਕਾਰਡਿੰਗ ਵੇਲੇ ਦੀ ਐ,, ਅੱਜਕਲ੍ਹ ਗੁਰਮਿੰਦਰ ਨੇ ਦਸਤਾਰ ਸਜਾ ਲਈ ਐ। ਹੁਣ ਕਦੀ ਮੈਨੂੰ ਮਿਲਿਆ ਨਹੀਂ, ਦਸਤਾਰ ਨਾਲ ਤਾਂ ਹੋਰ ਵੀ ਸੋਹਣਾ ਲੱਗਦਾ ਹੋਣੈਂ !


ਗੱਲ ਤਾਂ ਪਰਦੇ ਦੀ ਹੀ ਹੈ !
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

facebook

ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ




# ਸਾਇਕਲ ਦੀ ਟੱਲੀ ਦੀ ਟਣ-ਟਣ




**ਸਾਇਕਲ ਦੀ ਟੱਲੀ ਦੀ ਟਣ-ਟਣ,**
**ਦਿਲ ਦੀ ਘੰਟੀ ਵੀ ਵਜਾਉਂਦੀ ਸੀ,**

ਖਾਕੀ ਵਰਦੀ ਵਿੱਚ ਸਾਇਕਲ ਤੇ ਸਵਾਰ ਹੋਕੇ ਡਾਕੀਆ ਸਿਰਫ ਚਿੱਠੀਆਂ ਨਹੀਂ ਸੀ ਵੰਡਦਾ,, ਉਹ ਅੱਖਰਾਂ ਚ ਪਰੋਏ ਹੋਏ ਜ਼ਜ਼ਬਾਤ ਵੀ ਵੰਡਦਾ ਸੀ,,,,,, ਐਸੇ ਜਜ਼ਬਾਤ ਜਿਹੜੇ ਕਿਸੇ ਦੇ ਬੁੱਲਾਂ ਤੇ ਹਾਸੇ ਲੈ ਆਉਂਦੇ ਤੇ ਕਿਸੇ ਦੇ ਨੈਣਾਂ ਵਿੱਚ ਖਾਰੇ ਪਾਣੀ ਦੀਆਂ ਛੱਲਾਂ,,,,,

**ਲਿਖਤਮ ਫਲਾਣਾ ਸਿੰਘ,**

ਅੱਗੇ ਸਮਾਚਾਰ ਇਹ ਹੈ ਕਿ ਇੱਥੇ ਸਭ ਰਾਜ਼ੀ ਖੁਸ਼ੀ ਹੈ ਆਪ ਜੀ ਦੀ ਰਾਜੀ ਖੁਸੀਂ ਵਾਹਿਗੁਰੂ ਪਾਸੋਂ ਸਦਾ ਨੇਕ ਚਾਹੁੰਦੇ ਹਾਂ , ਇਹਨਾਂ ਲਫ਼ਜਾਂ ਚੋਂ ਗੁਜਰਦੇ ਹੋਏ,, ਖੁਸ਼ੀ ਤੇ ਗਮੀ ਦੇ ਬਹੁਤ ਸਾਰੇ ਹਾਵ-ਭਾਵ ਚਿੱਠੀ ਦੀ ਹਿੱਕ ਤੇ ਉੱਕਰੇ ਹੁੰਦੇ, ਉਨ੍ਹਾਂ ਲਫਜ਼ਾਂ ਚੋਂ ਸੱਚੀਂ! ਲਿਖਣ ਵਾਲੇ ਦਾ ਚਿਹਰਾ ਦਿਸਦਾ ਸੀ, ਜਿਵੇਂ ਬੱਬੂ ਮਾਨ ਕਹਿੰਦੈ,

**ਚਿੱਠੀ ਚਿੱਠੀ ਤਾਂ ਹਰ ਕੋਈ ਲਿਖਦੈ,**
**ਪਰ ਮੇਰਾ ਮਾਹੀ ਚਿੱਠੀ ਇਉਂ ਲਿਖਦਾ ।**
**ਨੀਂ ਡੁੱਬ ਜਾਣੇ ਦਾ ਚਿੱਠੀ ਵਿੱਚੋਂ ਮੂੰਹ ਦਿਖਦਾ ।**

ਜਦੋਂ ਚਿੱਠੀ ਪੜ੍ਹਨ ਵਾਲਾ ਪੜ੍ਹਦਾ, ਤਾਂ ਉਹ ਅੱਖਰਾਂ ਵਿੱਚੋਂ ਲਿਖਣ ਵਾਲੇ ਦਾ ਮੂੰਹ ਦੇਖਦਾ, ਤੇ ਇਸ ਤਰ੍ਹਾਂ ਲਗਦਾ ਸੀ ਜਿਵੇ ਉਹ ਆਹਮੋ ਸਾਹਮਣੇ ਬੈਠੇ ਆਪਣੇ ਸੁੱਖ ਦੁੱਖ ਕਰ ਰਹੇ ਹੋਣ, ਸੱਚੀਂ! ਚਿੱਠੀ ਅੱਧੀ ਮੁਲਾਕਾਤ ਹੁੰਦੀ ਸੀ, ਜਿਵੇਂ "ਦੇਵ ਥਰੀਕੇ ਵਾਲੇ" ਦੀ ਕਲਮ ਚੋਂ ਰਚਿਆ "ਕਲੀਆਂ ਦੇ ਬਾਦਸ਼ਾਹ" ਕੁਲਦੀਪ ਮਾਣਕ ਨੇ ਗਾਇਆ ਹੈ,

**ਚਿੱਠੀ ਭਾਵੇਂ ਨਾ ਜ਼ੁਬਾਨ ਵਿੱਚੋਂ ਬੋਲਦੀ,**
**ਲੱਖਾਂ ਕੋਹਾਂ ਤੇ ਜਾ ਕੇ ਵੀ ਦੁੱਖ ਫੋਲਦੀ ।**
**ਚਿੱਠੀ ਵਾਲੀ ਗੱਲਬਾਤ,**
**ਹੁੰਦੀ ਅੱਧੀ ਮੁਲਾਕਾਤ,**

ਕਬੂਤਰਾਂ ਦੇ ਸੁਨੇਹਿਆਂ ਤੋਂ ਚੱਲਦੀ, ਕਾਸਦ ਤੋਂ ਹੁੰਦੀ ਹੋਈ, ਚਿੱਠੀ ਵੀ ਸਰਕਾਰੀ ਬਣ ਗਈ, ਲਿਖੇ ਸਿਰਨਾਵੇਂ ਤੇ ਜਦੋਂ ਠੱਪਾ ਲੱਗਦਾ, ਤਾਂ ਚਿੱਠੀ ਸੱਤ ਸਮੁੰਦਰ ਵੀ ਪਾਰ ਕਰ ਜਾਂਦੀ, ਰੋਜ਼ੀ ਰੋਟੀ ਲਈ ਦੇਸ਼ ਛੱਡ ਕੇ ਪਰਦੇਸ ਗਏ ਪੁੱਤਾਂ ਨੂੰ ਮਾਵਾਂ ਵੀ ਚਿੱਠੀ ਰਾਹੀਂ ਹਾਕ ਮਾਰਦੀਆਂ, ਜਿਵੇਂ ਦਵਿੰਦਰ ਖੰਨੇ ਵਾਲੇ ਦੀ ਕਲਮ ਚੋਂ ਰਚਿਆ ਹਰਭਜਨ ਮਾਨ ਦਾ ਕਾਲਜੇ ਨੂੰ ਧੂਹ ਪਾਉਣ ਵਾਲਾ ਗੀਤ ਆ,,,,,,

**ਚਿੱਠੀਏ ਨੀ ਚਿੱਠੀਏ,,,,**
**ਹੰਝੂਆਂ ਨਾਲ ਲਿੱਖੀਏ,,,,**
**ਦੂਰ-ਵਤਨਾਂ ਤੋਂ ਰਹਿੰਦਾ ਮੇਰਾ ਲਾਲ,,,**
**ਆਖੀਂ ਮੇਰੇ ਸੋਹਣੇ ਚੰਨ ਨੂੰ,,,,**
**ਤੇਰੀ ਮਾਂ ਦਾ ਚੰਨਾਂ ਏ ਬੁਰਾ ਹਾਲ,,,**
**ਚਿੱਠੀਏ ਨੀ ਚਿੱਠੀਏ,,,,,,,,,**

ਚਿੱਠੀ ਰਾਹੀਂ ਮਾਂ ਦੀ ਵੱਜੀ ਹਾਕ ਸੁਣ ਕੇ ,, ਪੁੱਤ ਦਾ ਕਾਲ਼ਜਾ ਹੱਥ ਚ ਆ ਜਾਂਦੈ,,,,,, ਤੇ ਫਿਰ ਉਸ ਕੋਲ ਵੀ ਮਾਂ ਦੀ ਮਾਰੀ ਹਾਕ ਦਾ ਜਵਾਬ ਦੇਣ ਲਈ,,,,,, ਚਿੱਠੀ ਹੀ ਇੱਕੋ ਇੱਕ ਜ਼ਰੀਆ ਹੁੰਦੀ ਸੀ,,,,,, ਹਰਭਜਨ ਮਾਨ ਨੇ ਪੁੱਤ ਦੇ ਜਜ਼ਬਾਤ ਵੀ ਗੁੰਨ ਕੇ ਗੀਤ ਵਿੱਚ ਪਰੋਏ ਆ,,,,,

**ਚਿੱਠੀ ਤੇਰੀ ਆਈ,,,,,**
**ਚਿੱਤ ਪੜ੍ਹ ਕੇ ਉਦਾਸ ਹੋਇਆ,,,**
**ਲਿਖਿਆ ਤੂੰ ਲੱਗਦਾ ਨੀ ਜੀ ਮਾਂ,,,,**
**ਤੈਨੂੰ ਤਾਂ ਵਿਛੋੜਾ ਮੇਰਾ ਕੱਲੇ ਦਾ ਹੀ ਖਾਵੇ,,,**
**ਮੈਥੋਂ ਵਿਛੜਿਆ ਕੱਲਾ ਕੱਲਾ ਜੀਅ ਮਾਂ,,,,,**
**ਚਿੱਠੀ ਤੇਰੀ ਆਈ,,,,,,,**

ਦਿਲ ਦੇ ਮਹਿਰਮ ਤੱਕ ਦਿਲ ਦਾ ਹਾਲ ਪਹੁੰਚਾਉਣਾ, ਦਿਲਾਂ ਨੂੰ ਦਿਲਾਂ ਦੇ ਰਾਹ ਬਣਾਉਣਾ, ਨੈਣਾਂ ਨੂੰ ਨੈਣਾਂ ਦੇ ਗਵਾਹ ਬਣਾਉਣਾ, ਜਜ਼ਬਾਤਾਂ ਨੂੰ ਸੰਗਾਂ ਤੇ ਸ਼ਰਮਾਂ ਚ ਲਪੇਟ ਕੇ ਰੱਖਣਾ, ਇਹ ਸਾਰੀਆਂ ਗੱਲਾਂ ਮਹਿਬੂਬ ਦੇ ਖ਼ਤ ਦੇ ਹਿੱਸੇ ਹੀ ਆਉਂਦੀਆਂ ਸੀ, ਇਸੇ ਲਈ ਦਵਿੰਦਰ ਖੰਨੇ ਵਾਲੇ ਦੀ ਕਲਮ ਦਾ ਰਚਿਆ ਤੇ ਗੁਰਦਾਸ ਮਾਨ ਦਾ ਗਾਇਆ ਗੀਤ ਇਨ੍ਹਾਂ ਜਜਬਾਤਾਂ ਦੀ ਤਰਜ਼ਮਾਨੀ ਕਰਦੈ,

**ਚਿੱਠੀ ਲਿਖਤੀ ਮੈਂ ਸਾਰੇ**
**ਐਸੀ ਮੱਤ ਮੇਰੀ ਮਾਰੀ,**
**ਪੂਰੀ ਕਰਕੇ ਤਿਆਰੀ,**
**ਜਦੋਂ ਲਿਖਣ ਲੱਗੀ ਮੈਂ ਤੇਰਾ ਨਾਂ,**
**ਚੰਨਾ ਮੈਂ ਤੇਰਾ ਨਾਂ ਭੁੱਲਗੀ,**
**ਨਾਂ ਭੁੱਲਗੀ ਸ਼ਰਮ ਦੀ ਮਾਰੀ,**
**ਚੰਨਾ ਮੈਂ ਤੇਰਾ ਨਾਂ ਭੁੱਲਗੀ,**

ਮਿੱਠੇ ਕੌੜੇ ਅਹਿਸਾਸਾਂ ਦੀ ਇਹ ਗੱਠੜੀ, ਤਕਨੀਕੀ ਯੁੱਗ ਨੇ ਕਿਵੇਂ ਪਰਾਂ ਵਗਾਹ ਮਾਰੀ, ਪਤਾ ਹੀ ਨੀਂ ਚੱਲਿਆ, ਹੁਣ ਤਾਂ ਸਿਰਫ ਦਫ਼ਤਰੀ ਚਿੱਠੀਆਂ ਹੀ ਆਉਂਦੀਆਂ ਨੇ ਘਰਾਂ 'ਚ, ਇਸ ਲਈ ਬਾਬੂ ਸਿੰਘ ਮਾਨ ਦੀ ਕਲਮ ਚੋਂ ਰਚਿਆ ਹੰਸ ਰਾਜ ਹੰਸ ਨੇ ਵੀ ਇਹੀ ਗਾਇਆ ਹੈ,

**ਤੁਸੀਂ ਚਿੱਠੀਆਂ ਪਾਉਣੀਆਂ ਭੁੱਲਗੇ,**
**ਜਦੋਂ ਦਾ ਟੈਲੀਫੋਨ ਲੱਗਿਆ,**

ਚਿੱਠੀ ਜਜ਼ਬਾਤਾਂ ਦੀ ਤਹਿ ਮਾਰ ਕੇ ਰੱਖਦੀ ਸੀ,,,, ਸਾਂਭ ਕੇ ਰੱਖਦੀ ਸੀ,,,,, ਹਰ ਤਹਿ ਚੋਂ ਅਪਣੱਤ ਦੀ ਖੁਸ਼ਬੂ ਆਉਂਦੀ ਸੀ,,,, ਹੁਣ ਫ਼ੋਨ @ਤੇ ਮੈਸਜ ਭਾਵੇਂ ਲੱਖ ਆਉਂਦੇ ਨੇ ,,, ਪਰ ਉਨ੍ਹਾਂ ਨੇ ਚਿੱਠੀ ਵਰਗੀ ਖੁਸ਼ਬੂ ਨੀ ਸਾਂਭੀ ਹੁੰਦੀ,,, ਉਹਨਾਂ ਮੈਸੇਜਾਂ ਨੂੰ ਉਂਗਲੀ ਦਾ ਇੱਕ ਠੋਲਾ ਡਲੀਟ ਕਰਕੇ ਪਾਰ ਮਾਰਦੈ,,,,,,

ਕਾਸ਼ !!!! ਫਿਰ ਤੋਂ ਇਹ ਕਲਮਾਂ ਚਿੱਠੀ ਦੀ ਹਿੱਕ @ਤੇ ਸੋਹਣੇ ਸੋਹਣੇ ਅੱਖਰ ਉੱਕਰਨ ਤੇ ਅੱਖਰ ਜਜ਼ਬਾਤਾਂ ਦੀ ਤਰਜ਼ਮਾਨੀ ਕਰਨ ,,, ਸ਼ਾਇਦ ਰਾਜ ਕਾਕੜੇ ਦੀ ਕਲਮ ਤੇ ਰਾਜ ਬਰਾੜ ਦੀ ਆਵਾਜ਼ ਵੀ ਇਹੀ ਕਹਿ ਰਹੀ ਆ, ਖ਼ਤ ਦੋ ਲਾਈਨਾਂ ਦਾ ਲਿਖਿਆ ਏ

**ਹਾਏ !ਵੇ ਲਿਖਣਾ ਕਿੱਥੋਂ ਸਿੱਖਿਆ ਏ,**
**ਕੀ ਦੱਸਾਂ ਕੀ ਹਾਲਤ ਹੋਗੀ,**
**ਹਿਜਰ ਤੇਰੇ ਵਿੱਚ ਸੜਦੀ ਦੀ,**
**ਐਡਾ ਖ਼ਤ ਲਿਖ ਕੇ ਪਾ ਸੱਜਣਾ,**
**ਵੇ ਮੇਰੀ ਉਮਰ ਬੀਤ ਜੇ ਪੜ੍ਹਦੀ ਦੀ,**

ਖ਼ਤ ਪੂਰੀ ਉਮਰ ਸਾਥ ਦੇਣ ਦੀ ਸਮਰੱਥਾ ਰੱਖਦੈ,,,,, ਹੌਂਸਲਾ ਦਿੰਦੈ, ਮਨ ਹੌਲ਼ਾ ਕਰਦੈ, ਇਕੱਲੇ ਬੰਦੇ ਨਾਲ ਗੱਲਾਂ ਕਰਦੈ, ਸ਼ਾਇਦ ਇਸੇ ਲਈ,

**ਲਿਖੇ ਜੋ ਖ਼ਤ ਤੁਝੇ,,,**
**ਵੋ ਤੇਰੀ ਯਾਦ ਮੇਂ,,,,**
**ਹਜਾਰੋਂ ਰੰਗੋਂ ਕੇ,,,,,**
**ਨਜ਼ਾਰੇ ਬਨ ਗਏ,,,,**
**ਸੁਬ੍ਹਾ ਜਬ ਹੂਈ ,,,,,**
**ਤੋਂ ਫੂਲ ਬਨ ਗਏ,,,**
**ਸ਼ਾਮ ਜਬ ਹੂਈ,,,**
**ਤੋਂ ਸਿਤਾਰੇ ਬਨ ਗਏ,,,,**

ਖ਼ਤ ਵਿੱਚ ਦਿਲ ਦੀਆਂ ਗਹਿਰਾਈਆਂ ਵਿੱਚ ਡੂੰਘੇ ਦੱਬੇ ਰਾਜ਼ ਉਜਾਗਰ ਕਰਨ ਦੀ ਕਾਬਲੀਅਤ ਹੁੰਦੀ ਆ,, ਜਿਹੜੀ ਗੱਲ ਇਨਸਾਨ ਰੂ-ਬ-ਰੂ ਹੋ ਕੇ ਨੀ ਕਰ ਸਕਦਾ, ਉੱਥੇ ਫਿਰ ਚਿੱਠੀ ਰੂਬਰੂ ਹੁੰਦੀ ਆ, ਸ਼ਾਇਦ ਇਸੇ ਲਈ,

**"ਖ਼ਤ ਮੇਂ ਲਿਖਾ ਕੇ ਬਾਕੀ ਬਾਤੇਂ ਮਿਲ ਕਰ, ਔਰ ,**
**ਮਿਲ ਕਰ ਕਹਾ ਕਿ ਬਾਕੀ ਬਾਤੇਂ ਖ਼ਤ ਮੇ",**

ਬੱਚਤ ਸਕੀਮਾਂ ਨਾਲ ਭਰੇ ਡਾਕਖਾਨੇ ਵਿੱਚ ਚਿੱਠੀਆਂ ਪਤਾ ਨਹੀਂ ਕਿਉਂ ਨਹੀਂ ਬਚੀਆਂ ਬਸ ਹੁਣ ਤਾਂ ਦਿਲ ਚੋਂ ਇੱਕ ਹੂਕ ਜਿਹੀ ਨਿਕਲਦੀ ਆ,

**ਅਚਨਚੇਤ ਜਦ ਕਿਸੇ ਵੇਲੇ ਖੜਕਦਾ ਕੁੰਡਾ**
**ਖ਼ਾਕੀ ਵਰਦੀ ਸਾਈਕਲ ਉੱਤੇ ਡਾਕੀਆ ਹੁੰਦਾ**
**ਮੰਜੇ ਤੋਂ ਛਾਲ ਮਾਰ ਕੇ ਚਿੱਠੀ ਫੜਦੇ**
**ਸੱਜਣਾਂ ਦੀ ਚਿੱਠੀ ਚਾਅ ਨਾਲ ਪੜ੍ਹਦੇ**
**"ਹੈਲੋ ਜੱਸੀ" ਵੱਟਸਐਪ ਤੇ ਮੈਸਜ਼ ਆ ਗਿਆ**
**ਚੰਦਰਾ ਮੋਬਾਈਲ ਸਾਡੀਆਂ ਚਿੱਠੀਆਂ ਖਾ ਗਿਆ**

**ਤੁਹਾਡੇ ਖ਼ਤ ਦੀ ਉਡੀਕ 'ਚ,**
**ਤੁਹਾਡਾ ਆਪਣਾ,**
**ਜਸਵਿੰਦਰ ਸਿੰਘ ਚਾਹਲ**

# ਜ਼ਿੰਦਗੀ ਵਧੀਆ ਪੱਤੇ ਛਾਂਟ ਕੇ ਖੇਡਣ ਦਾ ਨਾਮ ਨਹੀਂ



**ਜ਼ਿੰਦਗਾਨੀ ਤਾਂ ਲੰਘ ਚੱਲੀ ਏ**
**ਗ਼ਰਜ਼ਾਂ, ਫ਼ਰਜ਼ਾਂ, ਕਰਜ਼ਾਂ ਅੰਦਰ**
**ਉਂਝ ਤਾਂ ਸਾਨੂੰ ਯਾਦ ਨੇ ਸਾਰੇ**
**ਸੁਰਮਈ ਸ਼ਾਮਾਂ, ਖਿੜਦੇ ਮੰਜ਼ਰ।**
**- ਵਰਿਆਮ ਸਿੰਘ ਸੰਧੂ**

ਮਨੋਵਿਗਿਆਨੀਆਂ ਅਨੁਸਾਰ ਹਰ ਬੰਦਾ ਇਸ ਧਰਤ 'ਤੇ ਬਿਨਾ ਕਿਸੇ ਉਲਝਣ ਤੋਂ ਹੀ ਪੈਦਾ ਹੁੰਦਾ ਹੈ ਪਰ ਜਿਉਂ ਹੀ ਉਹ ਉਸਰਨ, ਵਿਗਸਣ ਲੱਗਦਾ ਹੈ, ਦੁਆਲ਼ੇ ਦੀਆਂ ਜੰਜ਼ੀਰਾਂ ਉਸ ਨੂੰ ਜਕੜਨ ਲਗਦੀਆਂ ਹਨ। ਜਿਉਂ ਹੀ ਸਾਹਾਂ ਦੀ ਪੂੰਜੀ ਖਰਚਣੀ ਸ਼ੁਰੂ ਕਰਦਾ ਹੈ, ਇਨ੍ਹਾਂ ਸਭ ਜੰਜ਼ੀਰਾਂ ਦਾ ਜਾਲ਼ ਵੀ ਵਧਦਾ ਹੋਇਆ ਉਸ ਨੂੰ ਕੈਦ ਕਰੀ ਰੱਖਦਾ ਹੈ। ਉਂਗਲ਼ਾਂ ਦੇ ਪਹਿਲੇ ਪੋਟਿਆਂ ਤੱਕ ਦੀ ਉਮਰ ਤੱਕ ਉਹ ਬਾਲਕ ਆਪਣੀ ਬੁੱਧੀ ਅਨੁਸਾਰ ਦਿਸਦੇ ਜਗਤ ਨੂੰ ਪੁੱਠੀ-ਸਿੱਧੀ ਕਰਦਾ ਕਦੇ ਹੈਾਨ ਹੁੰਦਾ ਕਦੇ ਖ਼ੁਸ਼ ਹੁੰਦਾ ਹੈ। ਫੇਰ ਸੁਪਨੇ ਬੁਣਨੇ ਸ਼ੁਰੂ ਹੋ ਜਾਂਦੇ ਹਨ। ਮਿਲੇ ਸੁਖ, ਸਹੂਲਤਾਂ ਅਤੇ ਸੁਪਨੇ ਆਪੋ ਵਿੱਚ ਟਕਰਾ ਕੇ ਸਾਨੂੰ ਝੂਰਨ ਲਾ ਦਿੰਦੇ ਹਨ। ਉਦੋਂ ਪਿੱਠ 'ਤੇ ਲੱਦੇ ਬਸਤੇ ਦਾ ਭਾਰ ਵਧਦਾ ਹੈ। ਇਉਂ ਵੀਹ ਤੋਂ ਤੀਹ ਸਾਲ ਤੱਕ ਅਪੜਦਿਆਂ ਇੱਕ ਵਿਕਰਾਲ਼ ਭਵਿੱਖ ਹੋਰਨਾਂ ਦੀਆਂ ਪ੍ਰਾਪਤੀਆਂ ਅਤੇ ਆਪਣੀ ਧੀਮੀ ਜਾਂ ਕਾਹਲ਼ੀ ਤੋਰ ਉਸ ਅੰਦਰ ਖੌਰੂ ਪਾਉਣ ਲਗਦੀ ਹੈ। ਫੇਰ ਇੱਕ ਦੌੜ, ਇੱਕ ਭਗਦੜ ਸਾਨੂੰ ਜਕੜ ਲੈਂਦੀ ਹੈ। ਪੂਰੇ ਸੰਸਾਰ ਨੂੰ ਆਪਣੇ ਕਾਬੂ ਹੇਠ ਕਰਨ ਦੀ ਰੀਝ ਮਚਲਦੀ ਹੈ। ਫਾਰਮੂਲੇ ਘੜੇ ਜਾਂਦੇ ਹਨ। ਸਭ ਅਟਕਲਾਂ ਤੋਂ ਬਚਦਿਆਂ ਸਾਬਤ ਕਦਮੀ ਤੁਰਨ ਦੀ ਸੋਚ ਪਲਰਦੀ ਹੈ। ਇਸ ਸਮੇ ਸਭ ਲੋੜਾਂ, ਥੋੜਾਂ, ਮੁਸਾਬਤਾਂ, ਮਸਲੇ, ਸੁਪਨੇ ਆਪਣੀ ਸਿਖਰ ਵੱਲ ਵਧਦੇ ਹਨ। ਅੱਜ ਦੀ ਜਵਾਨ ਪੀੜ੍ਹੀ ਆਪਣੇ ਕੈਰੀਅਰ, ਡਿਗਰੀਆਂ ਜਾਂ ਰੁਤਬੇ ਵੱਲ ਵੇਖਦਿਆਂ ਵਿਆਹ ਜਿਹੀ ਰਸਮ ਤੋਂ ਲੱਤ ਚੁਕਦੀ ਨਜ਼ਰ ਆ ਰਹੀ ਹੈ। ਪਰ ਪਿੰਡਾਂ ਵਾਲ਼ੇ ਆਖਦੇ ਰਹੇ ਹਨ ਕਿ ਊਠ ਤਾਂ ਅੜਾਂਦੇ ਹੀ ਲੱਦੇ ਜਾਂਦੇ ਹਨ। ਸਭ ਕੁੱਝ ਇਕੱਠੇ ਹੀ ਨਿਭਾ ਜਾਣਾ ਹੀ ਜ਼ਿੰਦਗੀ ਹੈ। ਇੱਕ ਉਮਰੇ ਹਰ ਸਮੱਸਿਆ ਨੂੰ ਜਰਨ ਅਤੇ ਕੁੱਝ ਕਰਨ ਦੀ ਸਮਰੱਥਾ ਦੇਹੀ ਵਿੱਚ ਹੁੰਦੀ ਹੈ, ਜੇ ਇਰਾਦਾ ਦ੍ਰਿੜ੍ਹ ਹੋ ਜਾਵੇ, ਜੇ ਕਰਮ ਵਿੱਚ ਵੀ ਦਿਆਨਤਦਾਰੀ ਹੋਵੇ। ਸਭ ਮਸਲੇ ਨਿਪਟਾ ਲੈਣ ਦੀ ਸ਼ਕਤੀ ਅਤੇ ਵਿਤ ਜਿਹੀ ਜੁਰੱਅਤ ਹੁੰਦੀ ਹੈ। ਵਿਆਹ, ਬੱਚੇ, ਡਿਗਰੀ, ਸਭ ਬਰਾਬਰ ਤੁਰ ਸਕਦੇ ਹਨ ਜੇ ਰੁਚੀ, ਨੀਯਤ ਅਤੇ ਵਿਸ਼ਵਾਸ ਹੋਵੇ ਤਾਂ। ਹਰ ਕੰਮ ਨੂੰ ਨਿਪਟਾ ਕੇ ਹੀ ਨਹੀਂ ਸਗੋਂ ਨਾਲ਼ੋ-ਨਾਲ਼ ਨਿਭਾਇਆ ਜਾ ਸਕਦਾ ਹੈ। ਇਸ ਪਿੱਛੋਂ ਤੀਹ ਤੋਂ ਚਾਲ਼ੀ ਸਾਲ ਦੀ ਉਮਰ ਤੱਕ ਤਾਂ ਲੇਖਾ-ਜੋਖਾ ਸਿਰ ਚੁੱਕਣ ਲੱਗਦਾ ਹੈ। ਇਸ ਸਮੇਂ ਤੱਕ ਪਰਿਵਾਰ ਜਾਂ ਰਿਸ਼ਤੇਦਾਰੀ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਜਾਂਦੀਆਂ ਹਨ, ਢਲਾਣ ਵੱਲ ਨਜ਼ਰ ਜਾਣ ਲਗਦੀ ਹੈ, ਰਿਸ਼ਤੇਦਾਰੀ ਦੇ ਝਮੇਲੇ ਉਲ਼ਝੇ ਜਾਂ ਅਧੂਰੇ ਨਜ਼ਰ ਆਉਂਦੇ ਹਨ, ਅਸੀਂ ਹੋਈਆਂ ਬੀਤੀਆਂ ਫਰੋਲ਼ਦੇ ਝੋਰੇ ਜਾਂ ਪਛਤਾਵੇ ਵੱਲ ਉਲਰਦੇ ਹਾਂ। ਇਹ ਸਭ ਵਨ-ਵੇਅ ਟਿਕਟ ਹੈ। ਕਿਸੇ ਨੂੰ ਵੀ ਉਮਰ ਦਾ ਦੂਜਾ ਟਿਕਟ ਨਹੀਂ ਨਸੀਬ ਹੁੰਦਾ। ਅਸੀਂ 'ਕਾਸ਼' ਕੋਲ਼ ਜਾ ਜਾ ਮੁੜਦੇ ਹਾਂ। ਇਹ ਦਹਾਕਾ ਬਸ ਇਸੇ ਜੱਕੋ-ਤੱਕੀ ਵਿੱਚ ਲੰਘਦਾ ਸਾਨੂੰ ਪੰਜਾਹਵਿਆਂ ਤੱਕ ਲੈ ਜਾਂਦਾ ਹੈ। ਇਸ ਪੜਾਅ ਤੱਕ ਅਪੜਦਿਆਂ ਕਈਆਂ ਦੀਆਂ ਅੱਖਾਂ ਦੀ ਰੌਸ਼ਨੀ ਘਟਣ ਲਗਦੀ ਹੈ, ਕੰਨਾਂ ਵਿੱਚਲਾ ਐਂਟਨਾ ਆਪਣੀ ਪਕੜ ਢਿੱਲੀ ਕਰਦਾ ਹੈ, ਗੋਡੇ ਦੁਖਣ ਲਗਦੇ ਹਨ, ਹੱਡੀਆਂ ਪੁਰਾਣੀਆਂ ਜਾਂ ਘਸੀਆਂ ਹੋਈਆਂ ਮਹਿਸੂਸ ਹੋਣ ਲਗਦੀਆਂ ਹਨ। ਇਸ ਉਮਰ ਤੱਕ ਅਸੀਂ ਬੁਢਾਪੇ ਨੂੰ ਬਥੇਰਾ ਆਖਦੇ ਹਾਂ, ਹਟ ਪਿੱਛੇ ਫੇਰ ਮਿਲਾਂਗੇ ਪਰ ਬੁਢਾਪਾ ਆ ਹੀ ਜਾਂਦਾ ਹੈ। ਬਚਪਨ ਤੇ ਜਵਾਨੀ ਤਾਂ ਪਤਾ ਨਹੀਂ ਕਦੋਂ ਪਲਕ ਝਪਕਦਿਆਂ ਲੰਘ ਜਾਂਦੇ ਨੇ ਪਰ ਬੁਢਾਪਾ ਤਾਂ ਨਾਲ਼ ਹੀ ਲੈ ਕੇ ਜਾਂਦਾ ਹੈ। ਆਖਰੀ ਸਾਹ ਤੱਕ ਸਾਥ ਨਿਭਾਉਂਦਾ ਹੈ। ਇੱਕ ਵਿਦਿਆਰਥੀ ਨੂੰ ਅਧਿਆਪਕ ਨੇ ਪੁੱਛਿਆ ਕਿ ਤੂੰ ਕੀ ਬਣਨਾ ਚਾਹ ਰਿਹੈਂ, ਤਾਂ ਉਸ ਨੇ ਕਿਹਾ ਕਿ ਸੀਨੀਅਰ ਸਿਟੀਜ਼ਨ। 'ਕਿਉਂ' ਪੁੱਛਣ 'ਤੇ ਉਸ ਨੇ ਕਿਹਾ, 'ਮੇਰੇ ਦਾਦੂ ਆਪਣੀ ਮਰਜ਼ੀ ਨਾਲ਼ ਸੌਂਦੇ ਜਾਗਦੇ ਹਨ, ਕੋਈ ਹੋਮ ਵਰਕ ਜਾਂ ਡਿਗਰੀ ਨੀਂ ਕਰਦੇ, ਬਸ ਮੌਜ ਮੇਲੇ ਵਿੱਚ ਮਨ-ਮਰਜ਼ੀ ਕਰਦੇ ਹਨ'। ਇਸ ਦੇ ਉਲਟ ਅਸੀਂ ਦੁਬਾਰਾ ਤੋਂ ਬੱਚਾ ਬਣਨਾ ਲੋਚਦੇ ਹਾਂ। ਦੂਜੇ ਦੀ ਥਾਂ ਵਧੀਆ ਲਗਦੀ ਹੈ। ਜੇ ਆਪਾਂ ਸੋਚੀਏ ਕਿ ਮੁਸੀਬਤਾਂ ਤੋਂ ਬਿਨਾ ਹੀ ਜਾਂ ਮਸਲਿਆਂਹੀਣ ਜ਼ਿੰਦਗੀ ਕੱਢ ਲਈਏ ਤਾਂ ਜਿਉਣ ਦਾ ਸੁਆਦ ਹੀ ਕਿਰਕਰਾ ਹੋ ਜਾਏਗਾ। ਧੁੱਪ-ਛਾਂ ਵਾਂਗੂੰ ਦੁੱਖ-ਸੁੱਖ ਸਾਡੇ ਸਾਥੀ ਰਹੇ ਹਨ। ਜ਼ਿੰਦਗੀ ਨੂੰ ਖੱਟਾ-ਮਿੱਠਾ ਕਰਦੇ ਅਨੁਭਵ ਕਰਵਾ ਹੀ ਦਿੰਦੇ ਹਨ। ਇਸ ਲਈ ਕਦੇ ਨਜ਼ਰ ਨਾਲ਼ ਕਦੇ ਅੰਦਾਜ਼ ਨਾਲ਼ ਹੀ ਉਮਰ ਲੰਘ ਜਾਏ ਤਾਂ ਸ਼ੁਕਰ ਮਨਾਈਏ। ਜ਼ਿੰਦਗੀ ਵਧੀਆ ਪੱਤੇ ਛਾਂਟ ਕੇ ਖੇਡਣ ਦਾ ਨਾਮ ਨਹੀਂ, ਸਗੋਂ ਹਥਲੇ ਪੱਤਿਆਂ ਨਾਲ਼ ਵਧੀਆ ਖੇਡ ਜਾਈਏ ਤਾਂ ਸੌਖੇ ਰਹਾਂਗੇ।

**ਮੈਂ ਮਾਂ ਦੀ ਨਿੱਘੀ ਗੋਦ ਅੰਦਰ**
**ਛੋਟਾ ਲੱਗਣਾ ਚਾਹੁੰਦਾ ਹਾਂ**
**ਉਮਰਾਂ ਦੀ ਮਹਿੰਗੀ ਮੰਡੀ 'ਚੋ**
**ਂ ਬਚਪਨ ਠੱਗਣਾ ਚਾਹੁੰਦਾ ਹਾਂ।**

# ਇਹ ਤੁਹਾਡੇ ਨਾਲ ਵੀ ਹੋ ਸਕਦਾ ਹੈ : Alert ਅਤੇ Aware ਰਹੋ

Truck driver ਹੋਣ ਕਰਕੇ ਤੁਸੀਂ ਅਕਸਰ ਇਕੱਲੇ ਅਤੇ ਅਣਜਾਣ ਥਾਵਾਂ ’ਤੇ ਹੁੰਦੇ ਹੋ। Truck stop, delivery location ਜਾਂ public place ’ਤੇ ਕੋਈ ਤੁਹਾਡੀ ਪੱਗ, ਦਾਹੜੀ, ਭਾਸ਼ਾ ਜਾਂ race ਨੂੰ ਲੈ ਕੇ racist comment ਕਰੇ, ਤਾਂ ਉਸਨੂੰ entertain ਨਾ ਕਰੋ। ਬਹਿਸ ਜਾਂ confrontation ਤੋਂ ਬਚੋ। ਦੂਰੀ ਬਣਾਓ, truck ਦੇ doors lock ਕਰੋ ਅਤੇ ਕਿਸੇ busy ਜਾਂ well-lit ਥਾਂ ਵੱਲ ਚਲੇ ਜਾਓ।

Dispatch, security ਜਾਂ ਕਿਸੇ ਭਰੋਸੇਯੋਗ ਵਿਅਕਤੀ ਨੂੰ ਆਪਣੀ location ਦੱਸੋ।

ਤੁਰੰਤ ਖਤਰਾ ਜਾਂ ਹਮਲਾ ਹੋਵੇ ਤਾਂ **911** ਕਰੋ। ਘਟਨਾ ਖਤਮ ਹੋ ਚੁੱਕੀ ਹੋਵੇ ਤਾਂ local police ਦੀ non-emergency line ’ਤੇ report ਕਰੋ ਅਤੇ ਸਾਫ਼ ਦੱਸੋ ਕਿ racial ਜਾਂ religious comments ਕੀਤੇ ਗਏ ਸਨ।

ਸੁਰੱਖਿਅਤ ਹੋਵੇ ਤਾਂ ਸਮਾਂ, location, exact words, vehicle plate, witnesses ਅਤੇ ਵਿਅਕਤੀ ਦਾ description note ਕਰੋ। Dashcam footage, photos ਜਾਂ messages delete ਨਾ ਕਰੋ—ਇਹ important evidence ਹੋ ਸਕਦਾ ਹੈ।

Physical attack ਹੋਵੇ ਤਾਂ ਆਪਣੀ ਜਾਨ ਬਚਾਉਣ ਅਤੇ ਸੁਰੱਖਿਅਤ ਥਾਂ ’ਤੇ ਪਹੁੰਚਣ ਲਈ ਆਪਣਾ ਬਚਾਅ ਕਰੋ—ਇਹ ਤੁਹਾਡਾ ਹੱਕ ਹੈ। ਪਰ ਜਿਵੇਂ ਹੀ ਖਤਰਾ ਟਲ ਜਾਵੇ, ਉੱਥੇ ਹੀ ਰੁਕ ਜਾਓ। ਪਿੱਛਾ ਕਰਨਾ, ਬਾਅਦ ਵਿੱਚ ਵਾਪਸ ਜਾ ਕੇ ਬਦਲਾ ਲੈਣਾ ਜਾਂ ਲੋੜ ਤੋਂ ਵੱਧ force ਵਰਤਣਾ self-defence ਨਹੀਂ ਰਹਿੰਦਾ। ਇਸ ਨਾਲ ਤੁਹਾਡੇ ਉੱਪਰ ਵੀ criminal charge ਲੱਗ ਸਕਦਾ ਹੈ—ਭਾਵੇਂ ਘਟਨਾ ਦੀ ਸ਼ੁਰੂਆਤ ਦੂਜੇ ਵਿਅਕਤੀ ਨੇ ਹੀ ਕਿਉਂ ਨਾ ਕੀਤੀ ਹੋਵੇ।

**Self-defence ਦਾ ਕਾਨੂੰਨ Canada ਅਤੇ US ਵਿੱਚ ਵੱਖਰਾ ਹੈ ਅਤੇ US ਵਿੱਚ state ਮੁਤਾਬਕ ਵੀ rules ਬਦਲ ਸਕਦੇ ਹਨ। ਇਹ general awareness ਹੈ, legal advice ਨਹੀਂ। ਕਿਸੇ specific incident ਵਿੱਚ police ਨੂੰ accurate information ਦਿਓ ਅਤੇ ਲੋੜ ਪੈਣ ’ਤੇ lawyer ਨਾਲ consult ਕਰੋ।**

Racism ਕਦੇ justified ਨਹੀਂ ਹੁੰਦਾ। ਪਰ ਤੁਹਾਡਾ ਸ਼ਾਂਤ ਅਤੇ ਕਾਨੂੰਨੀ response ਤੁਹਾਡੀ safety, licence, career ਅਤੇ police case—ਚਾਰੇ ਬਚਾ ਸਕਦਾ ਹੈ।

ਨਾਲ ਹੀ, ਆਪਾਂ ਆਪਣੀ Punjabi/Sikh identity ਉੱਤੇ ਮਾਣ ਰੱਖਦੇ ਹੋਏ North American laws, public etiquette ਅਤੇ workplace culture ਨੂੰ ਵੀ adopt ਕਰੀਏ।

**ਕਿਸੇ ਬਹਿਸ ਨੂੰ ਜਿੱਤਣ ਨਾਲੋਂ safely ਘਰ ਪਹੁੰਚਣਾ ਜ਼ਿਆਦਾ ਜ਼ਰੂਰੀ ਹੈ।ਇਹ post ਹਰ ਉਸ driver ਤੱਕ ਪਹੁੰਚਾਓ ਜੋ ਇਕੱਲਾ road ’ਤੇ ਹੈ।

**The Trucking Code**

# ਇੰਡੋ-ਕਨੇਡੀਅਨ ਪਰਵਾਸੀਆਂ ਦਾ ਸੰਘਰਸ਼ਨਾਮਾ



ਸਵਰਨ ਧਾਲੀਵਾਲ
ਕੈਲਗਿਰੀ 5875817472

ਇਹ ਕਿਤਾਬ ਦੇ ਲੇਖਕ ਸੁਰਿੰਦਰ ਸੰਘਾ ਜੀ ਹਨ । ਕਿਤਾਬ ਪੜ੍ਹ ਕੇ ਪਤਾ ਲੱਗਦਾ ਹੈ । ਲੇਖਕ ਦਾ ਬੌਧਿਕ ਪੱਧਰ ਕਿਨ੍ਹਾਂ ਉੱਚਾ ਹੈ । ਇਹ ਕਿਤਾਬ 2025 ਵਿੱਚ ਪ੍ਰਕਾਸ਼ਿਤ ਹੋਈ ਹੈ । ਕਿਤਾਬ ਵਿੱਚ 100 ਸਾਲ ਤੋਂ ਵੀ ਵੱਧ ਪੁਰਾਣੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਗਈ ਹੈ ਜਦੋਂ ਸਭ ਤੋਂ ਪਹਿਲੇ ਪੰਜਾਬੀ ਤੇ ਭਾਰਤੀ ਪਰਿਵਾਰਾਂ ਨੇ ਕਨੇਡਾ ਦੀ ਧਰਤੀ ਤੇ ਪੈਰ ਰੱਖੇ। ਸਾਡੇ ਵੱਡ ਵਡੇਰਿਆਂ ਨੇ ਕਿਵੇਂ ਬਹੁਤ ਵੱਡੀਆਂ ਮੁਸ਼ਕਲਾ ਝੱਲਦੇ ਹੋਏ, ਬਹੁਤ ਥੋੜ੍ਹੀ ਗਿਣਤੀ (1200) ਹੁੰਦੇ ਹੋਏ ਵੀ ਭਾਰਤ ਦੀ ਆਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ ਅਤੇ ਗਦਰ ਲਹਿਰ ਨੂੰ ਵੀ ਮਜ਼ਬੂਤ ਕੀਤਾ ਤੇ ਕਨੇਡਾ ਵਿੱਚ ਕਨੇਡਾ ਦੀ ਸਰਕਾਰ ਵੱਲੋਂ ਕੀਤੇ ਤਸ਼ੱਦਦ, ਕਤਲੇਆਮ, ਨਸਲਵਾਦੀ ਨੀਤੀਆਂ ਦਾ ਸਾਡੇ ਵੱਡ ਵਡੇਰਿਆਂ ਨੇ ਏਕਤਾ ਤੇ ਦ੍ਰਿੜ ਇਰਾਦੇ ਨਾਲ ਮੁਕਾਬਲਾ ਕੀਤਾ । ਜਿਸ ਤਰ੍ਹਾਂ ਬਹੁਤ ਥੋੜੀ ਗਿਣਤੀ ਵਿੱਚ ਹੋਣ ਦੇ ਬਾਵਜੂਦ ਭਾਰਤੀ ਭਾਈਚਾਰੇ ਨੇ ( ਖਾਸ ਕਰਕੇ ਪੰਜਾਬੀਆਂ ਨੇ)ਮੁਕਾਬਲਾ ਕੀਤਾ ਉੱਨਾਂ ਨੂੰ ਸਲਾਮ ਕਰਨਾ ਬਣਦਾ ਹੈ । ਜਿਵੇਂ ਸਾਡੇ ਵੱਡ ਵਡੇਰਿਆਂ ਨੇ ਗੁਲਾਮ ਭਾਰਤ ਦੀ ਸਰਕਾਰ ਵੱਲੋਂ ਕਨੇਡਾ ਵਿੱਚ ਸਰਕਾਰ ਪੱਖੀ ਟੋਡੀ ਬੱਚੇ ਜਿਸ ਦਾ ਲੀਡਰ ਬੇਲਾ ਸਿੰਘ ਸੀ ਜੋ ਭਾਰਤ ਵਿੱਚ ਅੰਗਰੇਜ਼ ਸਰਕਾਰ ਤੋਂ ਉਸ ਵੇਲੇ 62.50 ਡਾਲਰ ਤਨਖਾਹ ਲੈਂਦਾ ਸੀ ਭਾਰਤੀਆਂ ਵਿੱਚ ਉਸ ਟੋਲੇ ਵਿਰੁੱਧ ਬਹੁਤ ਗੁੱਸਾ ਸੀ ।ਉਸ ਵੇਲੇ ਜਦੋਂ ਭਾਰਤ ਗੁਲਾਮ ਸੀ ਹਾਪਕਿਨਸਨ ਨਾਂ ਦਾ ਅੰਗਰੇਜ਼ ਜਿਸ ਦੀ ਮਾਂ ਭਾਰਤੀ ਮੂਲ ਦੀ ਤੇ ਬਾਪ ਅੰਗਰੇਜ਼ ਸੀ ਜੋ ਪੰਜਾਬੀ ਅਤੇ ਹਿੰਦੀ ਭਾਸ਼ਾ ਬੋਲਦਾ ਸੀ ਭਾਰਤ ਦੀ ਖੁਫੀਆ ਏਜੰਸੀ ਦਾ ਮੁਖੀ ਸੀ ਬੇਲਾ ਸਿੰਘ ਉਸ ਦੇ ਹਮੇਸ਼ਾ ਸੰਪਰਕ ਵਿੱਚ ਸੀ ਤੇ ਉਸ ਨੂੰ ਕਨੇਡਾ ਵਿਚਲੇ ਭਾਰਤੀਆਂ ( ਖਾਸ ਕਰ ਪੰਜਾਬੀਆਂ) ਦੀ ਹਰ ਗਤੀਵਿਧੀ ਦੀ ਜਾਣਕਾਰੀ ਦਿੰਦਾ ਸੀ। ਗਦਰ ਪਾਰਟੀ ਵੱਲੋਂ ਭਾਰਤ ਵਿੱਚ ਗਦਰ ਕਰਨ ਦੇ ਐਲਾਨ ਤੋਂ ਬਾਅਦ ਵੈਨਕੂਵਰ ਤੋਂ ਵੀ ਗਦਰੀਆਂ ਨੇ ਜਾਣਾ ਸ਼ੁਰੂ ਕਰ ਦਿੱਤਾ ਸੀ , ਇੰਨਾਂ ਸਾਰੇ ਦੇਸ਼ ਭਗਤਾਂ ਦੀਆਂ ਲਿਸਟਾਂ ਬੇਲਾ ਸਿੰਘ ਭਾਰਤੀ ਖੁਫੀਆ ਏਜੰਸੀ ਦੇ ਅਧਿਕਾਰੀ ਹਾਪਕਿਨਸਨ ਨੂੰ ਭੇਜਦਾ ਸੀ, ਜਿਸ ਕਾਰਨ ਗਦਾਰ ਟੋਲੇ ਅਤੇ ਦੇਸ਼ ਭਗਤ ਭਾਰਤੀਆਂ ਵਿੱਚ ਮਹੌਲ ਬਹੁਤ ਕੁੜੱਤਣ ਵਾਲਾ ਬਣ ਜਾਣ ਕਾਰਨ ਕਤਲੋਗਾਰਤ ਸ਼ੁਰੂ ਹੋ ਗਈ ਸੀ। ਦੇਸ਼ ਭਗਤ ਗਦਰੀਆਂ ਨੇ ਬੇਲਾ ਸਿੰਘ ਟੋਲੇ ਦੇ ਦੋ ਗਦਾਰ ਹਰਨਾਮ ਸਿੰਘ ਤੇ ਅਰਜਨ ਸਿੰਘ ਮਾਰ ਦਿੱਤੇ ਗਏ । ਬੇਲਾ ਸਿੰਘ ਅਪਣੇ ਸਾਥੀਆਂ ਦੇ ਕਤਲਾ ਤੋਂ ਬਾਅਦ ਬਹੁਤ ਗੁੱਸੇ ਵਿੱਚ ਸੀ ਉਹ ਗੁਰਦੁਆਰੇ ਆਇਆ ਤਾਂ ਉਸ ਦੇ ਦੋਨਾਂ ਹੱਥਾਂ ਵਿੱਚ ਹੱਥਾ ਵਿੱਚ ਪਸਤੌਲ ਸਨ । ਬੇਲਾ ਸਿੰਘ ਨੇ ਗੁਰਦੁਆਰੇ ਇਕੱਠੇ ਹੋਏ ਦੇਸ਼ ਭਗਤ ਗਦਰੀਆਂ ਤੇ ਗੋਲੀਆਂ ਚਲਾਈਆਂ, ਗੋਲੀਆਂ ਲੱਗਣ ਨਾਲ ਭਾਈ ਭਾਗ ਸਿੰਘ ਤੇ ਬਦਨ ਸਿੰਘ ਸ਼ਹੀਦ ਹੋ ਗਏ । ਕਨੇਡੀਅਨ ਪੁਲਿਸ ਨੇ ਬੇਲਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ । ਬੇਲਾ ਸਿੰਘ ਦੇ ਕੇਸ ਵਿੱਚ ਹਾਪਕਿਨਸਨ ਜੋ ਗੁਲਾਮ ਭਾਰਤ ਦੀ ਖੁਫੀਆ ਏਜੰਸੀ ਦਾ ਅਧਿਕਾਰੀ ਸੀ ਭਾਰਤ ਤੋਂ 21 ਅਕਤੂਬਰ 1914 ਨੂੰ ਕਨੇਡਾ ਬੇਲਾ ਸਿੰਘ ਦੇ ਪੱਖ ਵਿੱਚ ਗਵਾਹੀ ਦੇਣ ਕੋਰਟ ਵਿੱਚ ਆਇਆ ਸੀ, ਉੱਥੇ ਮੇਵਾ ਸਿੰਘ ਵੀ ਮੌਜੂਦ ਸੀ ਉਸ ਨੇ ਗੋਲੀਆਂ ਮਾਰ ਕੇ ਹਾਪਕਿਨਸਨ ਨੂੰ ਮਾਰ ਦਿੱਤਾ । ਹਾਪਕਿਨਸਨ ਦਾ ਕਤਲ ਜਾਤੀ ਰੰਜਿਸ਼ ਕਾਰਨ ਨਹੀਂ ਇਸ ਬਦਨਾਮ ਖੁਫੀਆ ਇਜੰਸੀ ਅਧਿਕਾਰੀ ਦੀਆਂ ਭਾਰਤੀ ਭਾਈਚਾਰੇ ਵਿਰੁੱਧ ਘਿਨਾਉਣੇ ਜੁਰਮਾਂ ਦੇ ਕਾਰਨ ਕੀਤਾ ਸੀ। 1917 ਵਿੱਚ ਰੂਸ ਵਿੱਚ ਲੈਨਿਨ ਦੀ ਅਗਵਾਈ ਵਿੱਚ ਅਕਤੂਬਰ ਇਨਕਲਾਬ ਹੋ ਗਿਆ ਜਿਸ ਨਾਲ ਸੰਸਾਰ ਭਰ ਵਿੱਚ ਕੌਮੀ ਮੁਕਤੀ ਲਹਿਰਾਂ ਨੂੰ ਵੱਡਾ ਹੁਲਾਰਾ ਮਿਲਿਆ, ਇਸ ਦਾ ਅਸਰ ਕਨੇਡਾ ਅਤੇ ਅਮਰੀਕਾ ਵਿੱਚ ਵੀ ਹੋਇਆ । ਦੋਨਾਂ ਦੇਸ਼ਾਂ ਵਿੱਚ ਟਰੇਡ ਯੂਨੀਅਨਾਂ ਹੋਂਦ ਵਿੱਚ ਆਉਣ ਲੱਗੀਆਂ,ਕਨੇਡਾ ਵਿੱਚ ਖੱਬੀ ਪੱਖੀ ਧਿਰਾਂ ਹੋਂਦ ਵਿੱਚ ਆਈਆਂ ਜਿਨ੍ਹਾਂ ਵਿੱਚ NDP ਕਿਉਂ ਡੈਮੋਕਰੇਟਿਕ ਪਾਰਟੀ ਅਤੇ ਕਨੇਡੀਅਨ ਕਮਿਊਨਿਸਟ ਪਾਰਟੀ ਹੋਂਦ ਵਿੱਚ ਆਈਆਂ । ਉਸ ਸਮੇਂ ਨਸਲੀ ਵਿਤਕਰਾ ਜ਼ੋਰਾਂ ਤੇ ਸੀ । ਘੱਟ ਤਨਖਾਹ ਤੇ ਵੱਧ ਕੰਮ ਕਰਨਾ ਪੈਂਦਾ ਸੀ । ਸੱਭ ਨਾਲੋਂ ਵੱਡੀ ਸਮੱਸਿਆ ਅੰਗਰੇਜ਼ੀ ਭਾਸ਼ਾ ਦੀ ਜਾਣਕਾਰੀ ਨਾ ਹੋਣ ਦੀ ਵੀ ਸੀ। ਕੁਝ ਕੁ ਲੋਕ ਹੀ ਅੰਗਰੇਜ਼ੀ ਭਾਸ਼ਾ ਵਿੱਚ ਗੱਲ ਕਰ ਅਤੇ ਪੜ੍ਹ ਸਕਦੇ ਸਨ ।ਨਸਲਵਾਦੀ ਗੋਰੇ ਲੋਕ ( ਸਾਰੇ ਗੋਰੇ ਨਹੀਂ) ਏਸ਼ੀਅਨਾਂ ਨੂੰ ਯੂਨੀਅਨ ਦੀ ਮੈਂਬਰਸ਼ਿਪ ਲੈਣ ਦਾ ਵੀ ਵਿਰੋਧ ਕਰਦੇ ਸਨ ।ਉਨ੍ਹਾਂ ਨੂੰ ਕਨੇਡਾ ਵਿੱਚੋਂ ਬਾਹਰ ਕੱਢਣ ਬਹੁਤ ਕੋਸ਼ਿਸ਼ਾਂ ਹੋਈਆਂ, ਜਿੰਨਾ ਦਾ ਇੱਥੇ ਆਏ ਸਾਡੇ ਵੱਡ ਵਡੇਰਿਆਂ ਨੇ ਏਕਤਾ ਅਤੇ ਸੁਝ ਬੂਝ ਨਾਲ ਮੁਕਾਬਲਾ ਕੀਤਾ । ਇੰਨਾਂ ਸਮੱਸਿਆਵਾਂ ਦੇ ਚਲਦੇ ਕਨੇਡਾ ਵਿੱਚ ਇੱਕ ਨੌਜਵਾਨ ਪੜਨ ਆਉਂਦਾ ਹੈ । ਦਰਸ਼ਨ ਸਿੱਘ ਸੰਘਾ ਜੋ ਬਾਅਦ ਵਿੱਚ ਦਰਸ਼ਨ ਸਿੰਘ ਕਨੇਡੀਅਨ ਦੇ ਨਾਂ ਨਾਲ ਮਸ਼ਹੂਰ ਹੁੰਦਾ ਹੈ । ਇਹ ਨੌਜਵਾਨ ਪੜ੍ਹਿਆ ਲਿਖਿਆ ਹੋਣ ਕਰਕੇ ਅੰਗਰੇਜ਼ੀ ਭਾਸ਼ਾ ਬੋਲਣੀ ਵੀ ਜਾਣਦਾ ਸੀ ਅਮਰੀਕਾ, ਕਨੇਡਾ ਤੇ ਪੰਜਾਬੀ ਵਿੱਚ ਕਰਤਾਰ ਸਿੰਘ ਸਰਾਭਾ ਤੇ ਸ਼ਹੀਦੇ ਆਜਮ ਭਗਤ ਸਿੰਘ ਦੇ ਵਿਚਾਰਾਂ ਤੋਂ ਪ੍ਰੇਰਿਤ ਸੀ । ਕਨੇਡਾ ਆ ਕੇ ਦਰਸ਼ਨ ਸਿੰਘ ਸੰਘਾ ਦਾ ਮੇਲ ਮਿਲਾਪ ਕਨੇਡਾ ਦੇ ਅਗਾਂਹਵਧੂ ਗੋਰਿਆਂ ਨਾਲ ਹੁੰਦਾ ਹੈ ।ਯੂਨੀਵਰਸਟੀ ਵਿੱਚ ਪੜਦਿਆਂ ਉਸ ਦਾ ਸਬੰਧ ਕਨੇਡਾ ਦੀ ਕਮਿਊਨਿਸਟ ਪਾਰਟੀ ਨਾਲ ਜੁੜਦਾ ਹੈ ਅਤੇ ਕਨੇਡਾ ਦੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਜਾਂਦਾ ਹੈ । ਕਮਿਊਨਿਸਟ ਲੀਡਰ ਟਰੇਡ ਯੂਨੀਅਨਾਂ ਨੂੰ ਮਜ਼ਬੂਤ ਬਣਾਉਣ ਲਈ ਯਤਨਸ਼ੀਲ ਸਨ । ਕਮਿਊਨਿਸਟ ਪਾਰਟੀ ਵੱਲੋਂ ਦਰਸ਼ਨ ਸਿੰਘ ਸੰਘਾ ਨੂੰ ਪੰਜਾਬੀਆਂ ਨੂੰ ਯੂਨੀਅਨ ਵਿੱਚ ਸ਼ਾਮਿਲ ਕਰਨ ਕਰਨ ਦੀ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ । ਦਰਸ਼ਕ ਸਿੰਘ ਇਸ ਜ਼ਿੰਮੇਵਾਰੀ ਨੂੰ ਬਹੁਤ ਸਫਲਤਾ ਨਾਲ ਨਿਭਾਉਂਦੇ ਹੋਏ ਯੂਨੀਅਨ ਵਿੱਚ ਉਸ ਦਾ ਕੱਦ ਬਹੁਤ ਉੱਚਾ ਹੋ ਜਾਂਦਾ ਹੈ ।ਦਰਸ਼ਨ ਸਿੰਘ ਸੰਘਾ (ਕਨੇਡੀਅਨ) ਇੰਟਰਨੈਸ਼ਨਲ ਵੁੱਡ ਵਰਕਰਜ ਯੂਨੀਅਨ ਵਿੱਚ ਨੰਬਰ 2 ਦਾ ਲੀਡਰ ਸੀ । ਉੱਨਾਂ ਦੀਆਂ ਕੋਸ਼ਿਸ਼ਾਂ ਸਦਕਾ ਏਸ਼ੀਅਨ ਵਰਕਰਾਂ ਨਾਲ਼ ਹੁੰਦਾ ਵਿਤਕਰਾ ਵੀ ਖ਼ਤਮ ਹੋ ਗਿਆ ।ਮਜ਼ਦੂਰਾਂ ਦੇ ਸਾਰੇ ਹੱਕਾਂ ਬਹਾਲ ਹੋ ਗਏ ।ਕਿਤਾਬ ਪੜ ਕੇ ਪਤਾ ਚੱਲਦਾ ਹੈ ਕਿ ਲੇਖਕ ਨੇ ਕਿੰਨੀ ਮੇਹਨਤ ਕੀਤੀ ਹੈ । ਕਿਤਾਬ ਬਹੁਤ ਹੀ ਵਧੀਆ ਹੈ।ਸਾਡੇ ਵੱਡ ਵਡੇਰਿਆਂ ਦਾ ਇੱਕ ਇਤਿਹਾਸਿਕ ਦਸਤਾਵੇਜ਼ ਹੈ ।ਮੈਂ ਸਾਰਿਆਂ ਲੋਕਾਂ ਨੂੰ ਅਪੀਲ ਕਰਾਂਗਾ ਕਿ ਇਸ ਇਤਿਹਾਸਕ ਕਿਤਾਬ ਨੂੰ ਜ਼ਰੂਰ ਪੜ੍ਹਨ ।









# ਅਜੋਕੀ ਗਾਇਕੀ ਦੇ ਗਗਨ ਦਾ ਤਾਰਾ: ਨਿਰਵੈਰ ਪਨੂੰ

## ਡਾਇਰੀ ਦਾ ਪੰਨਾ



ਨਿੰਦਰ ਘੁਗਿਆਣਵੀ
9417421700

ਫਿਰੋਜ਼ਪੁਰ ਜਿਲੇ ਦੇ ਛੋਟੇ ਜਿਹੇ ਸ਼ਹਿਰ ਜੀਰੇ ਦਾ ਵੱਡਾ ਗਵੱਈਆ ਹੋਇਆ ਜਗਜੀਤ ਸਿੰਘ ਜੀਰਵੀ, ਸਾਰੀ ਉਮਰ ਸਾਹਿਤਕ ਤੇ ਸਮਾਜਿਕ ਰੰਗਣ ਵਿਚ ਰੰਗੇ ਗੀਤ ਗਾਉਂਦਾ ਰਿਹਾ, ਬੜਾ ਨਾਂ ਕਮਾ ਗਿਆ, ਇਕੱਲਿਆਂ ਵੀ ਬਥੇਰਾ ਗਾਇਆ, ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਨਾਲ ਵੀ ਗਾਇਆ ਤੇ ਨੈਸ਼ਨਲ ਐਵਾਰਡ ਵੀ ਮਿਲਿਆ। ਆਖਿਰ ਉਹ ਟੋਰਾਂਟੋ ਵਿਚ ਪੂਰਾ ਹੋ ਗਿਆ। ਅਜੀਤ ਅਖਬਾਰ ਦੇ ਮਾਲਕ ਤੇ ਮੁੱਖ ਸੰਪਾਦਕ ਡਾ ਬਰਜਿੰਦਰ ਸਿੰਘ ਹਮਦਰਦ ਨੇ ਕਿਧਰੇ ਲਿਖਿਆ ਸੀ ਕਿ ਜਦ ਜੀਰੇ ਵਿਚੋਂ ਦੀ ਲੰਘਦੇ ਹਾਂ, ਤਾਂ ਉਦੋਂ ਹੀ ਜਗਜੀਤ ਜੀਰਵੀ ਦੀ ਯਾਦ ਆਉਂਦੀ ਏ ਪਰ ਜਦ ਜੀਰਾ ਟੱਪ ਜਾਨੇ ਆਂ, ਤਾਂ ਜੀਰੇ ਦੀਆਂ ਧੂੜ ਭਰੀਆਂ ਗਲੀਆਂ ਵਿਚ ਜੀਰਵੀ ਗੁਆਚ ਜਾਂਦਾ ਏ। ਹਮਦਰਦ ਸਾਹਿਬ ਦੀ ਇਹ ਟਿੱਪਣੀ ਬੜੀ ਕਮਾਲ ਹੈ ਤੇ ਮੇਰੀ ਬਰੈਂਪਟਨ ਵਿਚ ਹੋਈ ਜਗਜੀਤ ਜੀਰਵੀ ਨਾਲ ਮਿਲਣੀ ਚੇਤੇ ਵਿਚ ਵੱਸੀ ਹੋਈ ਹੈ।

ਜੀਰਵੀ ਦੇ ਜਾਣ ਬਾਅਦ ਇਹ ਰਤਾ ਵੀ ਨਹੀਂ ਸੀ ਲਗਦਾ ਕਿ ਹੁਣ ਜੀਰੇ ਵਾਲੇ ਪਾਸਿਓਂ (ਪਿਆਰੇ ਜਿਹੇ ਪਿੰਡ ਲਹੁਕੇ ਤੋਂ) ਵੀ ਕਦੀ ਸੰਗੀਤ ਭਰੀ ਠੰਢੀ ਹਵਾ ਦੇ ਬੁੱਲਾ ਆਏਗਾ, ਤੇ ਆਪਣੀ ਵਿਲੱਖਣ ਸੁਰ ਨਾਲ ਆਲੇ-ਦੁਆਲੇ ਨੂੰ ਮੰਤਰ -ਮੁਗਧ ਕਰ ਸੁੱਟੇਗਾ ਅਤੇ ਅੰਤਰਾਸ਼ਟਰੀ ਪੱਧਰ ਉਤੇ ਛੋਟੀ ਆਯੂ ਦਾ ਵੱਡਾ ਗਵੱਈਆ ਸਿੱਧ ਹੋਵੇਗਾ। ਉਹ ਸੰਗੀਤਕ ਬੁੱਲਾ ਸੁਰੀਲੀ ਤੇਜ ਹਵਾ ਵਾਂਗਰ ਚਾਰੇ ਪਾਸੇ ਗਾਹ ਪਾ ਦੇਵੇਗਾ, ਤੇ ਨਿੱਕੀ ਉਮਰ ਦਾ ਵੱਡਾ ਫ਼ਨਕਾਰ ਬਣਨ ਦਾ ਮਾਣ ਪਾਵੇਗਾ। ਉਹ ਬਹੁਤਾ ਆਪੇ ਲਿਖੇਗਾ, ਤੇ ਆਪੇ ਈ ਗਾਏਗਾ, ਬਿਲਕੁਲ ਉਵੇਂ, ਜਿਵੇਂ ਉਸਤਾਦ ਲਾਲ ਚੰਦ ਯਮਲਾ ਜੀ ਆਪੇ ਲਿਖਦੇ ਰਹੇ ਤੇ ਆਪੇ ਗਾਉਂਦੇ ਰਹੇ, ਤੇ ਸਾਡਾ ਗੁਰਦਾਸ ਮਾਨ ਵੀ ਆਪੇ ਲਿਖ ਕੇ ਆਪੇ ਗਾਉਂਦਾ ਏ। ਨਿਰਵੈਰ ਪਨੂੰ ਇੱਕ ਸਮਰੱਥ ਗਾਇਕ ਦੇ ਨਾਲ ਨਾਲ ਸ਼ਾਇਰ ਵਜੋਂ ਵੀ ਸਫਲ ਹੈ। ਉਹ ਆਪਣੇ ਗੀਤਾਂ ਵਿੱਚ ਨਿੱਕੀਆਂ ਨਿੱਕੀਆਂ ਤਸ਼ਬੀਹਾਂ ਦਿੰਦਾ ਹੈ, ਜੋ ਨਵਿਆਂ ਨੂੰ ਛੇਤੀ ਛੇਤੀ ਸਮਝ ਪੈ ਜਾਂਦੀਆਂ ਨੇ। ਇਸ ਛੋਟੀ ਜਿਹੀ ਉਮਰ ਦੇ ਮੁੰਡੇ ਨੇ ਦੁਨੀਆਂ @ਕਮਲੀ@ ਕੀਤੀ ਪਈ ਹੈ। ਹਰ ਗਲੀ ਖੂੰਜੇ, ਮੋੜ ਮੁਹੱਲੇ, ਫੋਨ ਟਿਊਨ ਉੱਤੇ, ਕਾਰਾਂ ਵਿਚ, ਜਹਾਜ਼ਾਂ ਵਿਚ, ਪੈਲਿਸਾਂ ਤੇ ਪੱਬਾਂ ਤੇ ਵਿੱਚ ਹਰ ਪਾਸੇ ਨਿਰਵੈਰ ਪਨੂੰ ਦੀ ਆਵਾਜ਼ ਗੂੰਜ ਰਹੀ ਹੈ। ਜੇ ਮੈਂ ਸਿੱਧੇ ਰੂਪ ਵਿਚ ਇਹ ਲਿਖਾਂ ਕਿ ਨਿਰਵੈਰ ਗੀਤ ਗਾਉਂਦਾ ਹੋਇਆ ਸਰੋਤੇ ਨਾਲ ਸੰਵਾਦ ਰਚਾਉਂਦਾ ਹੈ, ਭਾਵ ਕਿ ਗੱਲਾਂ ਕਰਦਾ ਹੈ ਨਿੱਕੀਆਂ-ਨਿੱਕੀਆਂ ਤੇ ਪਿਆਰ ਪਰੁੱਚੀਆਂ ਗੱਲਾਂ। ਮੈਨੂੰ ਲਗਦਾ ਹੈ ਕਿ ਨਿਰਵੈਰ ਦੇ ਵਡੇਰਿਆਂ ਪਨੂੰਆਂ ਨੇ ਕੋਈ ਪੁੰਨ ਕਰੇ ਹੋਣੇ ਨੇ ਕਿ ਉਨਾਂ ਦੇ ਘਰੇ ਨਿਰਵੈਰ ਜੰਮ ਪਿਆ। ਉਸਦੀ ਆਵਾਜ਼ ਵਲ ਖਾਂਦੀ ਹੈ, ਵਲੇਟਾ ਮਾਰਦੀ ਹੈ।

ਜਦ ਮੈਂ ਉਸਨੂੰ ਕਈ-ਕਈ ਵਾਰੀ ਸੁਣਿਆ, ਤੇ ਆਪਣੇ ਆਪ ਨੂੰ ਪੁੱਛਿਆ ਕਿ ਕਿਆ ਅਲਾਪ ਹੈ ਏਸ ਕਾਕੇ ਦਾ! ਬੜੀ ਸਹਿਜ ਨਾਲ ਜਿਵੇਂ ਸਰੋਵਰ ਦੇ ਜਲ ਦੀਆਂ ਪਤਲੀਆਂ ਤਰੰਗਾਂ ਹੋਣ! ਕੈਸਾ ਹੈ ਏਹ ਅਲਾਪ ਕਦੇ ਬਿਲਕੁਲ ਸਿੱਧਾ ਤੇ ਸਟਰੇਟ? ਉਹਨੇ ਇਕ ਗੀਤ ਦੇ ਗਾਇਨ ਮੂਹਰੇ ਅਲਾਪਿਆ ਹੈ, ਤਾਂ ਇਓਂ ਜਾਪਿਆ ਜਿਵੇਂ ਕੱਕਰ ਲੱਦੇ ਕਿਸੇ ਬਿਰਖ ਥੱਲੇ ਬੈਠਾ ਕੋਈ ਕੋਸੇ-ਕੋਸੇ ਸਾਹ ਭਰ ਰਿਹਾ ਹੋਵੇ, ਜਾਂ ਕੋਈ ਤਪਦਾ ਰੇਤਲਾ ਟਿੱਬਾ ਕਿਣ-ਮਿਣ ਨੂੰ ਉਡੀਕਦਾ ਅਕਾਸ਼ ਤੇ ਧਰਤ ਦਾ ਰਾਹ ਮਿਣ ਰਿਹਾ ਹੋਵੇ, ਜਾਂ ਕਿਤੇ ਦੂਰ ਘਣੇ ਕਾਲੇ ਜੰਗਲ ਵਿਚ ਭਟਕਦੀ ਕੋਇਲ ਕਿਸੇ ਅਣਗੌਲੇ ਲੋਕ ਗੀਤ ਦੇ ਬੋਲਾਂ ਨੂੰ ਢੂੰਡ ਰਹੀ ਹੋਵੇ! ਮੈਂ ਮਹਿਸੂਸ ਕੀਤਾ ਕਿ ਨਿਰਵੈਰ ਪਨੂੰ ਜਦ ਗਾਉਂਦਾ ਹੈ, ਤਾਂ ਸੁਖ ਦਿੰਦਾ ਹੈ:

ਕਦੇ ਸਾਨੂੰ ਕੋਲ ਬਿਠਾ ਲੈ ਨੀ
ਤੂੰ ਸਾਨੂੰ ਗਲ ਨਾਲ ਲਾ ਲੈ ਨੀ

ਤਰੰਗਾਂ ਛੇੜਦੇ ਨੇ ਇਹ ਬੋਲ, ਸਾਜਾਂ ਦਾ ਉੱਕਾ ਈ ਸ਼ੋਰ ਨਹੀਂ। ਸੁਰ ਫੁੱਲ ਬਣ ਬਣ ਖਿੜਦੇ ਨੇ ਤੇ ਸਕੂਨ ਗਲਵੱਕੜੀ ਪਾਉਂਦਾ ਲਗਦਾ ਹੈ। ਜਦ ਉਹ ਬੋਲ ਚੁੱਕਦਾ ਹੈ :

**ਨੀ ਗੱਲ ਸੁਣਦਾ ਨਹੀਂ**
**ਇਹ ਦਿਲ ਚੰਦਰਾ ਜਿਹਾ**
**ਵੱਸੋਂ ਬਾਹਰ ਹੋ ਗਿਆ**
**ਨੀ ਤੇਰੇ ਨਾਲ ਪਿਆਰ ਹੋ ਗਿਆ---**

ਤਾਂ ਰੁੱਖੇ ਦਿਲਾਂ ਉਤੋਂ ਖੁਸ਼ਕੀ ਉੱਡਣ-ਪੁੱਡਣ ਲਗਦੀ ਹੈ, ਪਿਆਰ ਦਾ ਜਜ਼ਬਾ ਖੰਭ ਲਾਉਂਦਾ ਜਾਪਦਾ ਹੈ। @ਨੀ ਖਾਲੀਪਣ ਜਿਹਾ ਹੋਇਆ ਤੇਰੇ ਬਾਝ ਕੁੜੇ@ ਸੁਣਦਿਆਂ ਹੋਂਦ ਅਣਹੋਂਦ ਦਾ ਅਹਿਸਾਸ ਤੇ ਇਕੱਲਤਾ ਦਾ ਖੌਲਣਾ ਹਰ ਮਨ ਮਹਿਸੂਸ ਕਰਦਾ ਹੈ।

ਨਿਰਵੈਰ ਪਨੂੰ ਨੂੰ ਸੁਣਦਿਆਂ ਮੈਂ ਮਹਿਸੂਸ ਕਰਦਾ ਹਾਂ---ਸ਼ਾਇਦ ਮੈਂ ਇੱਥੇ ਗਲਤ ਹੋਵਾਂ ਕਿ ਕਦੇ ਕਦੇ ਨਿਰਵੈਰ ਮੈਨੂੰ ਸ਼ਿਵ ਬਟਾਲਵੀ ਦਾ ਛੋਟਾ ਸੱਕਾ ਭਰਾ ਲੱਗਣ ਲਗਦਾ ਏ, ਜਿਵੇਂ ਕੋਈ ਗਮਾਂ ਦੀ ਗੱਠੜੀ ਸਿਰ ਉਤੇ ਲੱਦੀ ਉਸੇ ਨੂੰ ਈ ਟੋਲਦਾ ਫਿਰਦਾ ਏ, ਜਾਂ ਕਿਤੇ ਸੁਪਨੇ ਵਿਚ ਆਇਆ ਸ਼ਿਵ ਕਹਿ ਗਿਆ ਕਿ ਛੋਟਿਆ, ਆਹ ਮੇਰੀ ਪੈੜ ਵਿਚ ਪੈੜ ਧਰਦਾ ਆਵੀਂ! ਉਸਨੇ ਆਪਣੇ ਕਈ ਗੀਤਾਂ ਵਿੱਚ ਸ਼ਿਵ ਦਾ ਜਿਕਰ ਕੀਤਾ ਹੈ। ਕਦੇ ਲਗਦਾ ਏ ਕਿ ਨਿਰਵੈਰ ਆਪਣੀ ਦਰਦੀਲੀ ਮਧੁਰਤਾ ਨਾਲ ਟੁੱਟੇ ਦਿਲਾਂ ਨੂੰ ਜੋੜ ਰਿਹਾ ਏ, ਮਰਹਮ ਪੱਟੀ ਕਰ ਰਿਹਾ ਏ। ਉਸਨੂੰ ਸੁਣ-ਸੁਣ ਟੁੱਟੇ ਦਿਲ ਧੀਰ ਧਰ ਰਹੇ ਨੇ। ਜੇਰਾ ਵਾਪਿਸ ਆਉਂਦਾ ਜਾਪਦਾ ਏ, ਦੁਖੀ ਹਿਰਦਾ ਸਕੂਨ ਮਹਿਸੂਸਦਾ ਏ, ਇਹੋ ਤਾਂ ਅਸਲ ਕਲਾ ਏ, ਤੇ ਸੱਚੀ ਸੁੱਚੀ ਕਲਾ ਦਾ ਫਰਜ਼ ਵੀ ਹੈ ਕਿ ਦੁਖੀ ਰੂਹ ਨੂੰ ਦੁੱਖ ਵਿਚੋਂ ਬਾਹਰ ਕੱਢਣਾ ਤੇ ਸੁੱਖ ਦੇਣਾ। ਕਦੇ ਇਓਂ ਲੱਗਣ ਲਗਦਾ ਏ ਕਿ ਨਿਰਵੈਰ ਗਾ ਨਹੀਂ ਰਿਹਾ, ਉਹ ਤਾਂ ਅਰਾਧਨਾ ਕਰ ਰਿਹਾ ਹੈ। ਕਦੇ ਜਾਪਦਾ ਹੈ ਕਿ ਉਹ ਇਕ ਪਪੀਹੇ ਦੇ ਰੂਪ ਵਿੱਚ ਕੂਕ ਰਿਹਾ ਏ। ਜੋ ਪਿਆਰ ਦੀ ਪਵਿੱਤਰਤਾ ਦੀ ਕਿਣਮਿਣ ਉਡੀਕਦਾ ਵਿਲਕ ਰਿਹਾ ਏ, ਜਾਂ ਫਿਰ ਜੁਦਾਈ, ਹੇਰਵਾ, ਤੜਪ ਤੇ ਝੋਰਾ ਇਕੋ ਵੇਲੇ ਸਭ ਕੁਝ ਇਕੱਠਿਆਂ ਕਰਕੇ ਘਣੇ ਜੰਗਲ ਵਿਚ ਕੋਇਲ ਕੂਕ ਰਹੀ ਏ।

ਉਸਦਾ ਇਕ ਅਲਾਪ ਕਿਸੇ ਪੁਰਾਣੀ ਮਧੁਰ ਵੀਣਾ ਦੇ ਵੱਜਣ ਵਾਂਗ ਲਗਦਾ ਏ। ਉਸਦੀ ਆਵਾਜ਼ ਦੀ ਵਿਲੱਖਣਤਾਈ ਸਿਰਫ ਉਹਦੇ ਵਾਂਗ ਹੀ ਵਿਲੱਖਣ ਭਰਪੂਰ ਹੈ। ਉਸਨੂੰ ਸੁਣਦਿਆਂ ਇੱਕ ਕਸ਼ਿਸ਼ ਲਗਾਤਾਰ ਹਮੇਸ਼ਾ ਬਣੀ ਰਹਿੰਦੀ ਏ। ਸਾਡੀ ਨਵੀਂ ਪੀੜੀ ਨੇ ਨਿਰਵੈਰ ਨੂੰ ਇਸ ਹੱਦ ਤੀਕ ਅਪਨਾ ਲਿਆ ਏ ਕਿ ਸਵੇਰੇ ਸਵੇਰੇ ਉਸਨੂੰ ਸੁਣਕੇ ਸ਼ਾਂਤੀ ਤੇ ਸਹਿਜ-ਸੁਖ ਮਹਿਸੂਸਦੇ ਨੇ।

ਨਿਰਵੈਰ ਸੁੱਤਿਆਂ-ਜਾਗਦਿਆਂ ਆਪਣਾ ਪਲ- ਪਲ ਆਪਣੇ ਤੇ ਆਪਣੀ ਸ਼ਾਇਰੀ ਨਾਲ ਬਿਤਾਉਂਦਾ ਹੈ। ਸੁਰ ਉਸ ਤੋਂ ਜੁਦਾ ਨਹੀਂ ਹੁੰਦੀ ਤੇ ਸੁਰ ਦੀ ਸਪੇਸ ਉਸ ਕੋਲੋਂ ਦੂਰੀ ਵੱਟੀ ਰਖਦੀ ਹੈ। ਸ਼ਾਇਰੀ ਦਾ ਇਲਹਾਮ ਉਸਨੂੰ ਆਪ ਮੁਹਾਰੇ ਹੁੰਦਾ ਰਹਿੰਦਾ ਹੈ। ਲਗਪਗ ਛੱਬੀ ਸਤਾਈ ਸਾਲ ਦਾ ਨਿਰਵੈਰ ਕੁਦਰਤ ਦਾ ਵਰੋਸਾਇਆ ਹੋਇਆ ਫਨਕਾਰ ਹੈ। ਉਹ ਪਿੰਡ ਹੀ ਪੜਦਾ ਸੀ ਆਪਣੇ ਘਰ ਦੇ ਲਾਗੇ ਹੀ, ਇਕ ਗੁਰੂ ਨਾਨਕ ਪਬਲਿਕ ਸਕੂਲ ਵਿਚ। ਉਥੇ ਲਿਖਾਰੀ ਮੇਜਰ ਸੰਧੂ ਮਲਸੀਆਂ ਵਾਲਾ ਤੇ ਉਹਦੀ ਪਤਨੀ ਪੜਾਉਂਦੇ ਸਨ, ਬੀਬੀ ਸੰਧੂ ਨਿਰਵੈਰ ਨੂੰ ਗੋਦੀ ਬਿਠਾਲਕੇ ਅੱਖਰ ਪਾਉਣੇ ਸਿਖਾਲਦੀ। ਇਹ ਦਸਦੇ ਨੇ ਕਿ ਉਹ ਬੜਾ ਪਿਆਰਾ ਤੇ ਭੋਲਾ ਭਾਲਾ ਜਿਹਾ ਬਾਲਕ ਸੀ, ਸ਼ਰਾਰਤ ਰਤਾ ਨਾ ਕਰਦਾ, ਤੇ ਨਾ ਹੀ ਖੱਪ ਪਾਉਂਦਾ ਸੀ, ਇਥੇ ਹੀ ਉਹਦੀਆਂ ਵੱਡੀਆਂ ਭੈਣਾਂ ਪਰਮਿੰਦਰ ਕੌਰ ਤੇ ਰਾਜਵਿੰਦਰ ਕੌਰ ਇਨਾਂ ਪਾਸ ਪੜਦੀਆਂ ਸਨ। ਉਹ ਅੱਜ ਸੁਪਰ ਸਟਾਰ ਬਣ ਕੇ ਵੀ ਆਪਣੇ ਅਧਿਆਪਕ ਦੇ ਘਰ ਜਾ ਕੇ ਮਿਲਣਾ ਖੁੰਝਾਉਂਦਾ ਨਹੀਂ। ਮੇਜਰ ਸਿੰਘ ਕਹਿੰਦਾ ਹੈ ਕਿ ਉਸ ਵਿਚ ਨਾ ਆਕੜ ਆਈ, ਨਾ ਹੰਕਾਰ ਹੀ ਨੇੜੇ ਢੁੱਕਾ, ਸਗੋਂ ਨਿਮਰਤਾ ਹੋਰ ਵਧੀ ਹੈ। ਮੇਜਰ ਹੁਰਾਂ ਦਾ ਨਿਰਵੈਰ ਦੇ ਮਾਪਿਆਂ ਨਾਲ ਘਰੇਲੂ ਆਉਣ ਜਾਣ ਕਰਕੇ ਸਭ ਇਕ ਦੂਜੇ ਨੂੰ ਨੇੜਿਓਂ ਜਾਣਦੇ-ਪਛਾਣਦੇ ਨੇ।

ਪੰਜਵੀਂ ਉਸਨੇ ਬਾਬਾ ਜੱਸ ਸਕੂਲੋਂ ਕਰ ਲਈ ਤੇ ਛੇਵੀਂ ਵਿਚ ਪੜਨ ਲਈ ਪਟਿਆਲੇ ਭੂਆ ਅਮਰੀਕ ਕੌਰ ਕੋਲ ਘੱਲ ਦਿੱਤਾ ਤੇ ਉਥੇ ਉਸਨੇ ਦਿਲ ਲਾ ਲਿਆ, ਭੂਆ ਦੇ ਬੱਚਿਆਂ ਨਾਲ ਸਿਵਲ ਲਾਈਨ ਦੇ ਸਰਕਾਰੀ ਸਕੂਲ ਵਿਚ ਹੀ ਦਾਖਿਲ ਹੋ ਗਿਆ। ਨਿਰਵੈਰ ਦੇ ਮਾਤਾ ਅਮਨਦੀਪ ਕੌਰ ਪਿਤਾ ਤਰਸੇਮ ਸਿੰਘ ਚਾਹੁੰਦੇ ਸਨ ਕਿ ਉਹਨਾਂ ਦਾ ਬੇਟਾ ਉੱਚ ਵਿੱਦਿਆ ਹਾਸਲ ਕਰਕੇ ਵੱਡਾ ਅਫਸਰ ਵਗੈਰਾ ਬਣੇ ਪਰ ਉਸ ਅੰਦਰ ਤਾਂ ਕਲਾ ਅੰਗੜਾਈ ਲੈ ਰਹੀ ਸੀ, ਤਰਸੇਮ ਸਿੰਘ ਦਸਦੇ ਹਨ ਕਿ ਉਹ ਤੁਰਿਆ ਆਉਂਦਾ ਹੀ ਧੀਮਾ ਧੀਮਾ ਇਹ ਬੋਲ ਗੁਣਗੁਣਾਉਂਦਾ ਹੁੰਦਾ ਸੀ : ਸੋਹਣਿਓਂ ਨਰਾਜਗੀ ਤੇ ਨਹੀ ਜੇ ਗੱਲ ਦਿਲ ਵਾਲੀ ਕਹਿ ਦਿਆਂ--ਸੋ ਇਹ ਸੰਕੇਤ ਸਨ ਉਸਦੀ ਸੰਗੀਤ ਪ੍ਰਤੀ ਨਿਸ਼ਠਾ ਤੇ ਲਗਨ ਦੇ।

ਬਾਰਵੀਂ ਜਮਾਤ ਬਾਅਦ ਨਿਰਵੈਰ ਮਹਿੰਦਰਾ ਕਾਲਜ ਜਾ ਦਾਖਿਲ ਹੋਇਆ, ਇਥੇ ਉਸਨੂੰ ਬੜਾ ਖੂਬਸੂਰਤ ਸਮਾਂ ਮਿਲ ਗਿਆ ਤੇ ਕਾਲਜ ਦੇ ਭੰਗੜੇ ਦੀ ਟੀਮ ਨਾਲ ਬੋਲੀਆਂ ਪਾਉਣ ਲੱਗਿਆ, ਦਿਨੋਂ ਦਿਨ ਆਵਾਜ ਨਿੱਖਰਣ ਲੱਗੀ ਤੇ ਸੁਰੀਲੇ ਗਾਇਕ ਵਜੋਂ ਕਾਲਜ ਵਿਚ ਪਛਾਣ ਬਣਨ ਲੱਗੀ ਤੇ ਇਓਂ ਹੀ ਸਭਿਆਚਾਰਕ ਮੁਕਾਬਲੇ ਜਿੱਤਣ ਲੱਗ ਪਿਆ। ਸੰਗੀਤ ਦੀ ਸੋਝੀ ਪਾਉਣ ਲਈ ਕੁਝ ਦਿਨ ਉਹ ਮਾਸਟਰ ਸਾਗਰ ਜੀ ਪਾਸ ਵੀ ਜਾਂਦਾ ਰਿਹਾ। ਆਪਣੀ ਭੂਆ ਦੇ ਦਾਮਾਦ ਹਰਦੀਪ ਸਿੰਘ ਨਾਲ ਸੰਗੀਤ ਬਾਰੇ ਅਕਸਰ ਹੀ ਸਲਾਹ ਮਸ਼ਵਰਾ ਕਰਦਾ ਰਹਿੰਦਾ। ਇਕ ਦਿਨ ਇਨਾਂ ਨੇ ਆਪੇ ਇਕ ਲਿੰਕ ਬਣਾ ਕੇ ਯੂਟਿਊਬ ਉਤੇ ਪਾਇਆ, ਤਾਂ ਚੰਗਾ ਹੁੰਗਾਰਾ ਮਿਲ ਗਿਆ ਤੇ ਸਬੱਬ ਨਾਲ ਬਦੇਸ਼ ਤੋਂ ਸ਼ਰਨ ਸ਼ੇਰਗਿੱਲ ਹੁਰਾਂ ਦਾ ਸਹਿਯੋਗ ਪ੍ਰਾਪਤ ਹੋ ਗਿਆ। 2018 ਦੇ ਏੜ ਗੇੜ ਦੀ ਗੱਲ ਹੈ ਕਿ ਉਤਸ਼ਾਹ ਹੋਰ ਵਧ ਰਿਹਾ ਸੀ, ਜੁੱਕ ਡੌਕ ਕੰਪਨੀ ਨਾਲ ਸੰਪਰਕ ਹੋ ਗਿਆ ਤੇ ਫਿਰ ਚੱਲ ਸੋ ਚੱਲ। ਪਿਸਟਲ ਗੀਤ ( ਜੋ ਗਿੱਲ ਕੁੱਪੀਆਂ ਨੇ ਲਿਖਿਆ ਸੀ) ਤੋਂ ਆਰੰਭ ਹੋਇਆ ਸਫਰ ਲੰਬੇਰਾ ਤੇ ਸੁਹਾਵਣਾ ਬਣ ਗਿਆ।'ਬੰਦੂਕ' ਗਾਣਾ ਖੁਦ ਲਿਖਿਆ ਤੇ ਖੂਬ ਚੱਲ ਗਈ ਬੰਦੂਕ ਵੀ। ਉਹ ਜੋ ਆਪਣੀ ਗਾਇਕੀ ਦਾ ਜੋ ਰੰਗ ਵੀ ਗਾਉਂਦਾ, ਖੂਬ ਚੜ੍ਹ ਜਾਂਦਾ। 2022 ਵਿਚ ਧਾਰਮਿਕ ਰੰਗ 'ਗੁਰੂ ਕੀ ਫੌਜ' ਉਸਨੂੰ ਹੋਰ ਹਰਮਨ ਪਿਆਰਾ ਕਰਦਾ ਹੈ, ਉਸਦੀ ਆਵਾਜ ਵਿਚੋਂ ਲੋਕ ਰੰਗ ਕਵੀਸ਼ਰੀ ਦੀ ਝਲਕ ਵੀ ਪੈਂਦੀ ਹੈ। ਨੱਚਣ ਟੱਪਣ ਵਾਲਾ ਜੋ ਕੁਝ ਗਾਇਆ, ਸੱਭੋ ਪਰਵਾਨ ਹੋਇਆ। ਸਰੋਤਾ ਹਰ ਵੰਨਗੀ ਤੇ ਸੁਹਜ ਸੁਆਦ ਭਾਲਦਾ ਹੈ, ਤੇ ਨਿਰਵੈਰ ਇਹ ਗੱਲ ਭਲੀ ਪ੍ਰਕਾਰ ਸਮਝਦਾ ਹੈ। ਬੀਰ ਸਿੰਘ ਨਾਲ ਫਿਲਮ -ਸੂਹੇ ਵੇ ਚੀਰੇ ਵਾਲਿਆ ਬਣਾਈ ਤੇ ਉਹ ਹੀਰੋ ਸੀ। ਹੁਣ ਨਵਾਂ ਫਿਲਮੀ ਕਾਰਜ ਹੋ ਰਿਹਾ ਹੈ, ਤੂੰ ਕਹਿ ਤਾਂ ਸਹੀ ਨਾਂ ਹੇਠ, ਪੇਸ਼ਕਸ਼ ਜਿਊਕ ਡੈਕ ਫਿਲਮਜ ਦੀ। ਨਿਰਦੇਸ਼ਨ ਜਤਿੰਦਰ ਮੁਹਰ ਕਰ ਰਿਹਾ ਹੈ ਤੇ ਲਿਖੀ ਹੈ ਬਲਵਿੰਦਰ ਬੁੱਲਟ ਨੇ। ਨਿਰਵੈਰ ਨਾਲ ਨਜਰ ਆਉਣਗੇ ਨੂਰ ਚਹਿਲ। ਸਰੋਤੇ ਤੇ ਦਰਸ਼ਕ ਉਡੀਕ ਰਹੇ ਨੇ ਅਕਤੂਬਰ ਦੀ 30 ਤਾਰੀਕ।

ਦੇਸ਼ ਬਦੇਸ਼ ਕਈ ਕਈ ਵਾਰ ਸ਼ੋਅ ਕਰ ਆਇਆ, ਜੋ ਖੂਬ ਸਫਲ ਰਹੇ ਨੇ। ਉਹ ਆਪਣੇ ਪਿੰਡੋਂ ਦੂਰ ਰਹਿ ਕੇ ਵੀ ਆਪਣੀ ਜੰਮਣ ਭੋਇੰ ਦੇ ਲਾਗੇ ਲਾਗੇ ਹੀ ਹੈ, ਉਸਨੂੰ ਪਿੰਡ ਨਾਲ ਦਿਲੋਂ ਲਗਾਵ ਹੈ। ਅੱਜ ਆਪਣੇ ਪੋਤੇ ਦੀ ਚੜ੍ਹਤ ਤੇ ਇੱਜਤ ਮਾਣ ਦੇਖਕੇ ਉਸਦੇ ਦਾਦਾ ਸ੍ਰ ਗੁਰਚਰਨ ਸਿੰਘ ਤੇ ਦਾਦੀ ਸੁਰਜੀਤ ਕੌਰ ਸਵਰਗਾਂ ਵਿਚ ਬੈਠੇ ਬੇਹੱਦ ਪਰਸੰਨ ਹੁੰਦੇ ਹੋਣਗੇ। ਉਸਦੇ ਮਾਤਾ ਅਮਨਦੀਪ ਕੌਰ ਤੇ ਪਿਤਾ ਤਰਸੇਮ ਸਿੰਘ ਖਾਲਸਾ ਬੜੇ ਮਾਣ ਨਾਲ ਆਖਦੇ ਨੇ ਕਿ ਸਾਡੇ ਪੁੱਤਰ ਨੇ ਏਨਾ ਮਾਣ ਦਿਲਾ ਦਿੱਤਾ ਏ ਕਿ ਸੱਤ ਜਨਮ ਵੀ ਸੋਚਣਾ ਔਖਾ ਏ, ਹੋਣਹਾਰ ਏਨਾ ਹੈ ਕਿ ਕਦੀ ਕਿਤੋਂ ਉਲਾਂਭਾ ਨਹੀਂ ਲਿਆ, ਕਦੇ ਗੁੱਸੇ ਹੋਣ ਦਾ ਮੌਕਾ ਨਹੀ ਦਿੱਤਾ, ਸਾਨੂੰ ਮਾਣ ਏਂ ਕਿ ਅਸੀਂ ਨਿਰਵੈਰ ਪਨੂੰ ਦੇ ਮਾਪੇ ਹਾਂ।



**2022 ਵਿਚ ਧਾਰਮਿਕ ਰੰਗ 'ਗੁਰੂ ਕੀ ਫੌਜ' ਉਸਨੂੰ ਹੋਰ ਹਰਮਨ ਪਿਆਰਾ ਕਰਦਾ ਹੈ, ਉਸਦੀ ਆਵਾਜ ਵਿਚੋਂ ਲੋਕ ਰੰਗ ਕਵੀਸ਼ਰੀ ਦੀ ਝਲਕ ਵੀ ਪੈਂਦੀ ਹੈ। ਨੱਚਣ ਟੱਪਣ ਵਾਲਾ ਜੋ ਕੁਝ ਗਾਇਆ, ਸੱਭੋ ਪਰਵਾਨ ਹੋਇਆ। ਸਰੋਤਾ ਹਰ ਵੰਨਗੀ ਤੇ ਸੁਹਜ ਸੁਆਦ ਭਾਲਦਾ ਹੈ, ਤੇ ਨਿਰਵੈਰ ਇਹ ਗੱਲ ਭਲੀ ਪ੍ਰਕਾਰ ਸਮਝਦਾ ਹੈ। ਬੀਰ ਸਿੰਘ ਨਾਲ ਫਿਲਮ -ਸੂਹੇ ਵੇ ਚੀਰੇ ਵਾਲਿਆ ਬਣਾਈ ਤੇ ਉਹ ਹੀਰੋ ਸੀ। ਹੁਣ ਨਵਾਂ ਫਿਲਮੀ ਕਾਰਜ ਹੋ ਰਿਹਾ ਹੈ, ਤੂੰ ਕਹਿ ਤਾਂ ਸਹੀ ਨਾਂ ਹੇਠ, ਪੇਸ਼ਕਸ਼ ਜਿਊਕ ਡੈਕ ਫਿਲਮਜ ਦੀ। ਨਿਰਦੇਸ਼ਨ ਜਤਿੰਦਰ ਮੁਹਰ ਕਰ ਰਿਹਾ ਹੈ ਤੇ ਲਿਖੀ ਹੈ ਬਲਵਿੰਦਰ ਬੁੱਲਟ ਨੇ। ਨਿਰਵੈਰ ਨਾਲ ਨਜਰ ਆਉਣਗੇ ਨੂਰ ਚਹਿਲ। ਸਰੋਤੇ ਤੇ ਦਰਸ਼ਕ ਉਡੀਕ ਰਹੇ ਨੇ ਅਕਤੂਬਰ ਦੀ 30 ਤਾਰੀਕ।**

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC TIMELESS WINDOW COVERINGS

DARBAR SRI GURU GRANTH SAHIB JI CALGARY CANADA

ਦਰਬਾਰ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਕੈਲਗਰੀ ਕੈਨੇਡਾ

# ਪਹਿਲਾ ਪ੍ਰਕਾਸ਼ ਗੁਰਪੁਰਬ

GOBIND SARVAR

ਗੋਬਿੰਦ ਸਰਵਰ ਸਕੂਲ ਕੈਲਗਰੀ

**1604 ਵਿੱਚ**

## ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ



## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦੀ ਯਾਦ ਵਿੱਚ

# ਮੀਡੀਆਥੌਨ

ਇੱਕ ਭਾਈਚਾਰਕ ਮਿਸ਼ਨ

ਗੁਰਦੁਆਰਾ ਸਾਹਿਬ ਅਤੇ ਗੋਬਿੰਦ ਸਰਵਰ ਸਕੂਲ ਦੇ ਪਿੱਛੇ ਜ਼ਮੀਨ ਦੀ ਖਰੀਦ ਲਈ

**$1 ਮਿਲੀਅਨ**

**ਡਾਊਨ ਪੇਮੈਂਟ**

# 5 ਏਕੜ ਸਾਡੇ ਭਵਿੱਖ ਲਈ

ਗੋਬਿੰਦ ਸਰਵਰ ਸਕੂਲ ਦਾ ਅਗਲਾ ਪੜਾਅ ਅਤੇ ਇੱਕ ਕਮਿਊਨਿਟੀ ਸੈਂਟਰ ਬਣਾਉਣ ਲਈ ਜੋ ਭਾਈਚਾਰੇ ਦੀਆਂ ਸਮਾਜਿਕ ਲੋੜਾਂ ਜਿਵੇਂ ਕਿ ਲਾਇਬ੍ਰੇਰੀ, ਕਾਨਫਰੰਸਾਂ, ਸੈਮੀਨਾਰਾਂ, ਸਮਾਜਿਕ ਇਕੱਠਾਂ ਆਦਿ ਲਈ ਹਾਲ ਪ੍ਰਦਾਨ ਕਰੇਗਾ।

ਗੁਰੂ ਸਾਹਿਬ ਦੇ ਬਖ਼ਸ਼ੇ ਹੋਏ ਦਸਵੰਧ ਦੇ ਸਿਧਾਂਤ ਉੱਪਰ ਚੱਲਦਿਆਂ ਦਿਲ ਖੋਲਕੇ ਦਾਨ ਕਰਨ ਵਿੱਚ ਮੋਹਰੀ ਹੋਈਏ ਜੀ।

- ਗੋਬਿੰਦ ਸਰਵਰ ਸਕੂਲ ਦਾ ਅਗਲਾ ਪੜਾਅ
- ਲਾਇਬ੍ਰੇਰੀ
- ਕਾਨਫਰੰਸਾਂ ਅਤੇ ਸੈਮੀਨਾਰਾਂ ਲਈ ਹਾਲ
- ਸਮਾਜਿਕ ਇਕੱਠ
- ਭਾਈਚਾਰੇ ਦੀਆਂ ਸਮਾਜਿਕ ਲੋੜਾਂ ਦੀ ਸੇਵਾ

## ਪ੍ਰੋਗਰਾਮ

**ਸਤੰਬਰ 13, 2026 (ਐਤਵਾਰ)**

**ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**

8730 45 St NE, ਕੈਲਗਰੀ, AB T3J 2J1

ਤੁਹਾਡਾ ਅੱਜ ਦਾ ਸਹਿਯੋਗ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਸੰਵਾਰਦਾ ਹੈ। ਖੁੱਲ੍ਹੇ ਦਿਲ ਨਾਲ ਦਾਨ ਕਰੋ ਜੀ।

403-629-1932
403-615-2844

ਈ-ਟ੍ਰਾਂਸਫਰ ਈਮੇਲ:
Gobindmarg22@gmail.com

www.gscalgary.com

# ਇੱਕ ਦੇਸ਼, ਇੱਕ ਚੋਣ: ਕੀ ਇਹ ਲੋਕਤੰਤਰ ਦੀਆਂ ਬਿਮਾਰੀਆਂ ਦਾ ਇਲਾਜ ਹੈ ਜਾਂ ਇੱਕ-ਪਾਰਟੀ ਰਾਜ ਵੱਲ ਕਦਮ ?



ਗੁਰਮੀਤ ਸਿੰਘ ਪਲਾਹੀ
9815802070

ਸਿਆਸੀ ਦਲਾਂ ਵੱਲੋਂ ਬੇਹਿਸਾਬ ਚੋਣ ਖ਼ਰਚ, ਵੋਟਰਾਂ ਨੂੰ ਲੁਭਾਉਣ ਲਈ ਨਕਦੀ ਤੇ ਮੁਫ਼ਤ ਰੇਵੜੀਆਂ ਦੀ ਵੰਡ, ਰਾਜਨੀਤੀ ਦਾ ਅਪਰਾਧੀਕਰਨ ਅਤੇ ਚੋਣਾਂ ਦੌਰਾਨ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ-ਇਹ ਭਾਰਤੀ ਲੋਕਤੰਤਰ ਵਿੱਚ ਅਜਿਹੀਆਂ ਗੰਭੀਰ ਬਿਮਾਰੀਆਂ ਬਣ ਚੁੱਕੀਆਂ ਹਨ, ਜਿਨ੍ਹਾਂ ਨੂੰ ਦੂਰ ਕਰਨਾ ਦਿਨ-ਪ੍ਰਤੀ-ਦਿਨ ਅਸੰਭਵ ਹੁੰਦਾ ਜਾ ਰਿਹਾ ਹੈ। ਅਜਿਹੇ ਵਿੱਚ ਇਹ ਵੱਡਾ ਸਵਾਲ ਉੱਠਦਾ ਹੈ ਕਿ 'ਇੱਕ ਦੇਸ਼, ਇੱਕ ਚੋਣ' ਜੇਕਰ ਸਿਰਫ਼ ਇੱਕ ਚੋਣ ਕੈਲੰਡਰ ਬਦਲਣ ਦੀ ਕਵਾਇਦ ਹੈ, ਤਾਂ ਕੀ ਇਹ ਬਿਮਾਰੀਆਂ ਆਪੇ-ਆਪ ਦੂਰ ਹੋ ਜਾਣਗੀਆਂ, ਜੋ ਲੋਕਤੰਤਰ ਨੂੰ ਘੁਣ ਵਾਂਗਰ ਖਾ ਰਹੀਆਂ ਹਨ।

ਦਰਅਸਲ, ਇਸ ਪੂਰੇ ਘਟਨਾਕ੍ਰਮ ਦੇ ਪਿੱਛੇ ਮੌਜੂਦਾ ਸੱਤਾਧਾਰੀ ਧਿਰ ਦੀ ਸਿਆਸੀ ਮਨਸ਼ਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਪਿਛਲੇ 12-13 ਸਾਲਾਂ ਤੋਂ ਦੇਸ਼ 'ਤੇ ਰਾਜ ਕਰ ਰਹੀ ਸੱਤਾਧਾਰੀ ਧਿਰ ਹਰ ਹੱਥਕੰਡਾ ਵਰਤ ਕੇ ਭਵਿੱਖ ਦੇ ਹਰ ਛੋਟੇ-ਵੱਡੇ ਚੋਣਵੇਂ ਦੌਰ 'ਤੇ ਆਪਣੀ ਪਕੜ ਬਣਾਈ ਰੱਖਣਾ ਚਾਹੁੰਦੀ ਹੈ। ਉਸ ਦਾ ਨਿਸ਼ਾਨਾ ਖੇਤਰੀ ਪਾਰਟੀਆਂ ਦੀ ਆਵਾਜ਼ ਨੂੰ ਦਬਾਉਣਾ, ਵਿਰੋਧੀ ਧਿਰਾਂ ਦਾ ਅਸਰ ਖਤਮ ਕਰਨਾ ਅਤੇ ਦੇਸ਼ ਵਿੱਚ ਇੱਕ ਪਾਰਟੀ ਦਾ ਰਾਜ ਸਥਾਪਿਤ ਕਰਨਾ ਹੈ। ਉਸ ਵੱਲੋਂ ਏਕਾਤਮਕ ਰਾਸ਼ਟਰਵਾਦ ਦੀ ਵਿਚਾਰਧਾਰਾ ਨੂੰ ਅੱਗੇ ਵਧਾ ਕੇ ਭਾਰਤੀ ਸੰਵਿਧਾਨ ਦੇ ਮੂਲ ਢਾਂਚੇ ਅਤੇ ਸੰਘੀ ਵਿਵਸਥਾ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਕਵਾਇਦ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਨਹੀਂ, ਸਗੋਂ ਹੌਲੀ-ਹੌਲੀ ਇੱਕ-ਪੁਰਖੀ ਜਾਂ ਇੱਕ-ਪਾਰਟੀ ਡਿਕਟੇਟਰਸ਼ਿਪ ਵੱਲ ਵਧਣ ਦਾ ਸਬੱਬ ਬਣ ਰਹੀ ਹੈ।

ਸਰਕਾਰ ਇਸ ਖਾਸ ਏਜੰਡੇ ਅਤੇ ਸੀਮਾਬੰਦੀ ਵਰਗੇ ਦੂਰਗਾਮੀ ਪ੍ਰਭਾਵ ਵਾਲੇ ਕਾਨੂੰਨਾਂ ਨੂੰ ਆਪਣੇ ਹਿਸਾਬ ਨਾਲ ਲਾਗੂ ਕਰਨਾ ਚਾਹੁੰਦੀ ਹੈ, ਪਰ ਸੰਸਦ ਵਿੱਚ 2/3 ਦੋ-ਤਿਹਾਈ ਬਹੁਮਤ ਨਾ ਹੋਣ ਕਰਕੇ ਉਸ ਨੂੰ ਅੜਚਣਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹੀ ਕਾਰਨ ਹੈ ਕਿ ਹੋਰਨਾਂ ਪਾਰਟੀਆਂ ਨਾਲ ਜੋੜ-ਤੋੜ ਕਰਕੇ ਜਾਂ ਹੋਰ ਰਾਜਨੀਤਿਕ ਜੋੜ-ਤੋੜ ਲਗਾ ਕੇ ਇਸ ਬਿਲ ਨੂੰ ਪਾਸ ਕਰਵਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ, ਜੋ ਕਿ ਕਿਸੇ ਵੀ ਹਾਲਤ ਵਿੱਚ ਲੋਕ-ਹਿੱਤ ਵਿੱਚ ਨਹੀਂ ਹੈ।ਜੇਕਰ ਸਰਕਾਰ ਲੋਕਤੰਤਰ ਦੀਆਂ ਅਸਲੀ ਬਿਮਾਰੀਆਂ ਨੂੰ ਦੂਰ ਕਰਨ ਲਈ ਸੰਜੀਦਾ ਹੁੰਦੀ, ਤਾਂ ਚੋਣ ਸੁਧਾਰਾਂ ਦੀ ਸ਼ੁਰੂਆਤ ਅਪਰਾਧੀਆਂ ਨੂੰ ਰਾਜਨੀਤੀ ਤੋਂ ਬਾਹਰ ਕਰਨ ਨਾਲ ਹੁੰਦੀ। ਮੌਜੂਦਾ ਪ੍ਰਧਾਨ ਮੰਤਰੀ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਸੰਸਦ ਵਿੱਚ ਵੱਡਾ ਦਾਅਵਾ ਕੀਤਾ ਸੀ ਕਿ ਅਪਰਾਧਿਕ ਮਾਮਲਿਆਂ ਵਿੱਚ ਲਿਪਤ ਸੰਸਦ ਮੈਂਬਰਾਂ ਦੇ ਕੇਸਾਂ ਦਾ ਤੇਜ਼ੀ ਨਾਲ ਨਿਪਟਾਰਾ ਕਰਕੇ ਉਨ੍ਹਾਂ ਨੂੰ ਸੰਸਦ ਵਿੱਚੋਂ ਬਾਹਰ ਕੀਤਾ ਜਾਵੇਗਾ। ਪਰ ਨਤੀਜਾ ਬਿਲਕੁਲ ਉਲਟ ਰਿਹਾ ਹੈ। 'ਐਸੋਸੀਏਸ਼ਨ ਫ਼ਾਰ ਡੈਮੋਕ੍ਰੇਟਿਕ ਰਿਫਾਰਮਜ਼' ਅਤੇ 'ਨੈਸ਼ਨਲ ਇਲੈਕਸ਼ਨ ਵਾਚ' ਦੀਆਂ ਹਾਲੀਆ ਰਿਪੋਰਟਾਂ ਅਨੁਸਾਰ, ਸੰਸਦ (ਲੋਕ ਸਭਾ) ਦੇ ਲਗਭਗ 45 ਫੀਸਦੀ ਚੁਣੇ ਹੋਏ ਮੈਂਬਰਾਂ 'ਤੇ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚੋਂ ਕਈਆਂ ਉੱਤੇ ਗੰਭੀਰ ਧਾਰਾਵਾਂ ਹਨ। ਸਰਕਾਰ ਨੇ ਇਨ੍ਹਾਂ ਅਪਰਾਧਿਕ ਮਾਮਲਿਆਂ ਵਿੱਚ ਫਸੇ ਨੇਤਾਵਾਂ ਨੂੰ ਚੋਣ ਲੜਨ ਤੋਂ ਰੋਕਣ ਲਈ ਕੋਈ ਠੋਸ ਕਾਨੂੰਨ ਬਣਾਉਣ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ।ਇਸ ਤੋਂ ਇਲਾਵਾ, ਲੋਕ ਸਭਾ ਵਿੱਚ ਇੱਕ ਦੇਸ਼-ਇੱਕ ਚੋਣ ਸਬੰਧੀ ਪੇਸ਼ ਕੀਤੇ ਗਏ 'ਸੰਵਿਧਾਨ (129ਵੀਂ ਸੋਧ) ਬਿਲ, 2024' ਦੀ ਸਮੀਖਿਆ ਕਰ ਰਹੀ 39-ਮੈਂਬਰੀ ਸੰਯੁਕਤ ਪਾਰਲੀਮੈਂਟ ਕਮੇਟੀ ਦੀਆਂ ਬੈਠਕਾਂ ਵਿੱਚ ਵੀ ਕਾਫੀ ਹੰਗਾਮਾ ਅਤੇ ਗੰਭੀਰ ਚਰਚਾ ਹੋ ਚੁੱਕੀ ਹੈ। ਕਈ ਮੀਟਿੰਗਾਂ ਦੌਰਾਨ ਸੰਵਿਧਾਨਕ ਮਾਹਰਾਂ ਨੇ ਇਸ ਬਿਲ ਦੇ ਖਤਰਿਆਂ ਤੋਂ ਜਾਣੂ ਕਰਵਾਇਆ ਹੈ। ਜੇਪੀਸੀ ਸਾਹਮਣੇ ਪੇਸ਼ ਹੁੰਦਿਆਂ ਸੀਨੀਅਰ ਕਾਂਗਰਸ ਨੇਤਾ ਪੀ. ਚਿਦੰਬਰਮ ਨੇ ਠੋਸ ਦਲੀਲਾਂ ਨਾਲ ਇਸ ਪ੍ਰਸਤਾਵ ਨੂੰ ਅਸੰਵਿਧਾਨਕ ਅਤੇ ਸੰਵਿਧਾਨਕ ਕੁਰੂਪਤਾ ਕਰਾਰ ਦਿੱਤਾ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇਕਰ 5 ਸਾਲ ਦੇ ਨਿਸ਼ਚਿਤ ਕਾਰਜਕਾਲ ਤੋਂ ਪਹਿਲਾਂ ਹੀ ਅਵਿਸ਼ਵਾਸ ਮਤੇ ਨਾਲ ਕੋਈ ਰਾਜ ਸਰਕਾਰ ਡਿੱਗ ਜਾਂਦੀ ਹੈ, ਤਾਂ ਬਾਕੀ ਰਹਿੰਦੇ ਸਮੇਂ ਲਈ ਕੀ ਕੀਤਾ ਜਾਵੇਗਾ ? ਕੀ ਰਾਜਾਂ ਦੇ ਚੁਣੇ ਹੋਏ ਨੁਮਾਇੰਦਿਆਂ ਦਾ ਕਾਰਜਕਾਲ ਜ਼ਬਰਦਸਤੀ ਛੋਟਾ ਕਰ ਦਿੱਤਾ ਜਾਵੇਗਾ ? 'ਵਿਧੀ ਸੈਂਟਰ ਫ਼ਾਰ ਲੀਗਲ ਪਾਲਿਸੀ' ਵਰਗੀਆਂ ਆਜ਼ਾਦ ਅਤੇ ਵੱਕਾਰੀ ਕਾਨੂੰਨੀ ਸੰਸਥਾਵਾਂ ਨੇ ਵੀ ਇਸ ਬਿਲ ਦੀਆਂ ਡੂੰਘੀਆਂ ਕਾਨੂੰਨੀ ਖਾਮੀਆਂ ਨੂੰ ਉਜਾਗਰ ਕੀਤਾ ਹੈ। ਸੰਸਥਾ ਅਨੁਸਾਰ, ਰਾਜ ਵਿਧਾਨ ਸਭਾਵਾਂ ਦੇ ਕਾਰਜਕਾਲ ਨੂੰ ਕੇਂਦਰ ਦੇ ਹੁਕਮਾਂ ਨਾਲ ਛੋਟਾ ਜਾਂ ਵੱਡਾ ਕਰਨਾ ਭਾਰਤੀ ਸੰਵਿਧਾਨ ਦੇ 'ਮੂਲ ਢਾਂਚੇ' ਅਤੇ ਸੰਘੀ ਢਾਂਚੇ ਉੱਤੇ ਸਿੱਧਾ ਹਮਲਾ ਹੈ। ਜੇਕਰ ਵਿਚਕਾਰ ਹੀ ਕੋਈ ਰਾਜ ਸਰਕਾਰ ਡਿੱਗ ਜਾਂਦੀ ਹੈ, ਤਾਂ ਬਾਕੀ ਬਚੇ ਸਮੇਂ ਲਈ ਚੁਣੇ ਹੋਏ ਨੁਮਾਇੰਦਿਆਂ ਦੇ ਅਧਿਕਾਰਾਂ ਨੂੰ ਸੀਮਤ ਕਰਨਾ ਜਾਂ ਉੱਥੇ ਜ਼ਬਰਦਸਤੀ ਰਾਸ਼ਟਰਪਤੀ ਸ਼ਾਸਨ ਠੋਸਣਾ ਲੋਕਤੰਤਰੀ ਜਨਾਦੇਸ਼ ਦਾ ਅਪਮਾਨ ਹੋਵੇਗਾ। ਇਸ ਤੋਂ ਇਲਾਵਾ, ਸੰਵਿਧਾਨ ਦੀਆਂ ਕਈ ਮੂਲ ਧਾਰਾਵਾਂ (ਜਿਵੇਂ ਧਾਰਾ 83, 85, 172 ਅਤੇ 174) ਵਿੱਚ ਰੱਦੋ-ਬਦਲ ਕਰਨ ਲਈ ਘੱਟੋ-ਘੱਟ ਅੱਧੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀ ਮਨਜ਼ੂਰੀ ਲਾਜ਼ਮੀ ਹੈ, ਪਰ ਸਰਕਾਰ ਰਾਜਾਂ ਦੇ ਅਧਿਕਾਰਾਂ ਨੂੰ ਨਜ਼ਰਅੰਦਾਜ਼ ਕਰਕੇ ਸੁਪਰੀਮ ਕੋਰਟ ਦੇ ਸੰਵਿਧਾਨਕ ਫ਼ੈਸਲਿਆਂ ਦੀ ਉਲੰਘਣਾ ਕਰ ਰਹੀ ਹੈ।ਦੂਜੇ ਪਾਸੇ, ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਕਮੇਟੀ ਨੇ ਦੋ-ਚਰਣੀ ਚੋਣਾਂ ਦੀ ਸਿਫਾਰਸ਼ ਕੀਤੀ ਗਈ ਹੈ-ਪਹਿਲਾਂ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਅਤੇ 100 ਦਿਨਾਂ ਦੇ ਅੰਦਰ ਨਗਰ ਨਿਗਮਾਂ ਤੇ ਪੰਚਾਇਤਾਂ ਦੀਆਂ ਚੋਣਾਂ। ਕਮੇਟੀ ਦਾ ਦਾਅਵਾ ਹੈ ਕਿ ਇਸ ਨਾਲ ਦੇਸ਼ ਭਰ ਵਿੱਚ ਇੱਕੋ ਹੀ ਵੋਟਰ ਸੂਚੀ ਹੋਵੇਗੀ ਅਤੇ ਖਜ਼ਾਨੇ ਦੇ ਪੈਸੇ ਦੀ ਬੱਚਤ ਹੋਵੇਗੀ। ਕਮੇਟੀ ਨੇ 20,000 ਤੋਂ ਵੱਧ ਸੁਝਾਅ ਪ੍ਰਾਪਤ ਹੋਣ ਦਾ ਦਾਅਵਾ ਵੀ ਕੀਤਾ, ਪਰ ਆਲੋਚਕਾਂ ਅਨੁਸਾਰ ਇਹ ਸਮੁੱਚੀ ਪ੍ਰਕਿਰਿਆ ਵਿਆਪਕ ਜਨ-ਭਾਗੀਦਾਰੀ ਤੋਂ ਬਿਨਾਂ ਮਹਿਜ਼ ਇੱਕਤਰਫ਼ਾ ਰਹੀ।ਪੈਸੇ ਦੀ ਬੱਚਤ ਦੇ ਦਾਅਵਿਆਂ ਦੇ ਉਲਟ, ਪ੍ਰਸ਼ਾਸਨਿਕ ਅਤੇ ਅਮਲੀ ਤੌਰ 'ਤੇ ਵੀ ਇਹ ਪ੍ਰਸਤਾਵ ਕਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰਦਾ ਹੈ। ਦੇਸ਼ ਭਰ ਵਿੱਚ ਇੱਕੋ ਸਮੇਂ ਚੋਣਾਂ ਕਰਵਾਉਣ ਲਈ ਕਰੋੜਾਂ ਦੀ ਗਿਣਤੀ ਵਿੱਚ ਨਵੀਆਂ ਈਵੀਐਮ ਅਤੇ ਵੀਵੀਪੀਏਟੀ ਮਸ਼ੀਨਾਂ ਦੀ ਲੋੜ ਪਵੇਗੀ। ਇਹਨਾਂ ਮਸ਼ੀਨਾਂ ਦੀ ਖਰੀਦਦਾਰੀ ਅਤੇ ਹਰ 15-20 ਸਾਲਾਂ ਬਾਅਦ ਇਹਨਾਂ ਨੂੰ ਬਦਲਣ ਉੱਤੇ ਸਰਕਾਰੀ ਖਜ਼ਾਨੇ 'ਤੇ ਅਰਬਾਂ ਰੁਪਏ ਦਾ ਵਾਧੂ ਬੋਝ ਪਵੇਗਾ, ਜੋ ਬੱਚਤ ਦੇ ਦਾਅਵੇ ਨੂੰ ਨਕਾਰਦਾ ਹੈ।ਇੱਕੋ ਸਮੇਂ ਪੂਰੇ ਦੇਸ਼ ਵਿੱਚ ਚੋਣਾਂ ਕਰਵਾਉਣ ਲਈ ਕੇਂਦਰੀ ਵੈਧਾਨਿਕ ਅਤੇ ਸੁਰੱਖਿਆ ਬਲਾਂ ਦੀ ਬਹੁਤ ਵੱਡੀ ਗਿਣਤੀ ਵਿੱਚ ਤੈਨਾਤੀ ਕਰਨੀ ਪਵੇਗੀ। ਇਸ ਨਾਲ ਦੇਸ਼ ਦੀਆਂ ਸਰਹੱਦਾਂ ਅਤੇ ਅੰਦਰੂਨੀ ਸੁਰੱਖਿਆ ਨਾਲ ਸਮਝੌਤਾ ਹੋਣ ਦਾ ਖਤਰਾ ਬਣਿਆ ਰਹੇਗਾ।ਵੱਖ-ਵੱਖ ਸਮਿਆਂ 'ਤੇ ਹੁੰਦੀਆਂ ਚੋਣਾਂ ਸਰਕਾਰ ਨੂੰ ਆਮ ਜਨਤਾ ਅਤੇ ਸਥਾਨਕ ਮੁੱਦਿਆਂ ਪ੍ਰਤੀ ਲਗਾਤਾਰ ਜਵਾਬਦੇਹ ਰੱਖਦੀਆਂ ਹਨ। ਜੇਕਰ ਚੋਣਾਂ 5 ਸਾਲਾਂ ਵਿੱਚ ਸਿਰਫ਼ ਇੱਕ ਵਾਰ ਹੀ ਹੋਣਗੀਆਂ, ਤਾਂ ਚੁਣੀਆਂ ਹੋਈਆਂ ਸਰਕਾਰਾਂ ਪੰਜ ਸਾਲਾਂ ਲਈ ਜਨਤਕ ਸਮੱਸਿਆਵਾਂ ਅਤੇ ਮਹਿੰਗਾਈ ਵਰਗੇ ਮੁੱਦਿਆਂ ਤੋਂ ਬੇਫ਼ਿਕਰ ਹੋ ਕੇ ਮਨਮਰਜ਼ੀ ਕਰਨ ਲੱਗ ਪੈਣਗੀਆਂ।ਇਤਿਹਾਸਕ ਤੌਰ 'ਤੇ 1951-52 ਤੋਂ 1967 ਤੱਕ ਦੇਸ਼ ਵਿੱਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਹੁੰਦੀਆਂ ਸਨ, ਪਰ 1960 ਦੇ ਦਹਾਕੇ ਦੇ ਅਖੀਰ ਵਿੱਚ ਕਈ ਰਾਜਾਂ ਵਿੱਚ ਸਰਕਾਰਾਂ ਦੇ ਭੰਗ ਹੋਣ ਨਾਲ ਇਹ ਸਿਲਸਿਲਾ ਟੁੱਟ ਗਿਆ ਸੀ। ਅੱਜ ਭਾਰਤ ਦੀ ਰਾਜਨੀਤਿਕ ਸਥਿਤੀ ਬਹੁਤ ਵੱਖਰੀ ਹੈ। ਰਾਸ਼ਟਰੀ ਚੋਣਾਂ ਦੇ ਮੁੱਦੇ (ਵਿਦੇਸ਼ ਨੀਤੀ, ਰਾਸ਼ਟਰੀ ਸੁਰੱਖਿਆ) ਅਤੇ ਰਾਜਾਂ ਦੀਆਂ ਚੋਣਾਂ ਦੇ ਮੁੱਦੇ (ਸਥਾਨਕ ਵਿਕਾਸ, ਰੋਜ਼ਗਾਰ) ਬਿਲਕੁਲ ਵੱਖਰੇ ਹੁੰਦੇ ਹਨ। ਇੱਕੋ ਸਮੇਂ ਚੋਣਾਂ ਕਰਵਾਉਣ ਨਾਲ ਰਾਸ਼ਟਰੀ ਮੁੱਦਿਆਂ ਦੀ ਲਹਿਰ ਹੇਠ ਖੇਤਰੀ ਪਾਰਟੀਆਂ ਅਤੇ ਸਥਾਨਕ ਸਮੱਸਿਆਵਾਂ ਦੱਬ ਕੇ ਰਹਿ ਜਾਣਗੀਆਂ।ਇਸ ਤੋਂ ਵੀ ਵੱਡਾ ਦੁਖਾਂਤ ਇਹ ਹੈ ਕਿ ਹਿੰਦੁਸਤਾਨ ਦੀ ਸਰਕਾਰ ਨੇ ਸਿੱਖਿਆ ਸੁਧਾਰਾਂ ਦੀਆਂ ਗੱਲਾਂ ਕਰਨ ਲਈ @ਜੈਨ-ਜ਼ੈਡ@ ਦੇ ਬਿੱਲੇ 'ਤੇ ਕਾਨੂੰਨ ਤਾਂ ਬਣਾ ਦਿੱਤੇ, ਪਰ ਸਿੱਖਿਆ ਦੇ ਵਿੱਚ ਸਹੀ ਢੰਗ ਨਾਲ ਜਿਹੜੀ ਤਬਦੀਲੀ ਲਿਆਉਣੀ ਸੀ, ਉਹਦੀ ਕੋਈ ਗੱਲ ਨਹੀਂ ਕੀਤੀ। ਇਹ ਸੱਤਾਧਾਰੀ ਧਿਰ ਜਲ, ਜੰਗਲ ਅਤੇ ਜ਼ਮੀਨ ਦੇ ਮੁੱਦਿਆਂ ਨੂੰ ਛੱਡੀ ਬੈਠੀ ਹੈ। ਯੇਲ ਯੂਨੀਵਰਸਿਟੀ ਦੇ 'ਵਾਤਾਵਰਨ ਪ੍ਰਦਰਸ਼ਨ ਸੂਚਕਾਂਕ' (ਈਪੀਆਈ) ਅਨੁਸਾਰ 180 ਦੇਸ਼ਾਂ ਦੀ ਸੂਚੀ ਵਿੱਚ ਭਾਰਤ ਹੇਠਲੇ 176ਵੇਂ ਦਰਜੇ ਉੱਤੇ ਹੈ। 'ਵੰਦੇ ਮਾਤਰਮ' ਵਿੱਚ ਜਿਨ੍ਹਾਂ ਨਦੀਆਂ, ਹਵਾਵਾਂ ਅਤੇ ਹਰਿਆਵਲ ਦਾ ਗੁਣਗਾਣ ਕੀਤਾ ਜਾਂਦਾ ਹੈ, ਅੱਜ ਸਾਡੇ ਸ਼ਹਿਰ, ਪਿੰਡ ਅਤੇ ਨਦੀਆਂ ਜ਼ਹਿਰੀਲੀਆਂ ਹੋ ਚੁੱਕੀਆਂ ਹਨ। ਉਸ ਪ੍ਰਤੀ ਸਰਕਾਰ ਕਦੇ ਵੀ ਸੰਜੀਦਾ ਨਹੀਂ।ਮੌਜੂਦਾ ਸਰਕਾਰ ਐਕਸਪ੍ਰੈੱਸ-ਵੇਅ ਦੀ ਤੇਜ਼ ਰਫ਼ਤਾਰ ਦੇ ਨਾਲ-ਨਾਲ ਕਤਾਰ ਵਿੱਚ ਖੜ੍ਹੇ ਆਖਰੀ ਇਨਸਾਨ ਦਾ ਹੱਥ ਫੜਨਾ ਭੁੱਲ ਚੁੱਕੀ ਹੈ। ਦੇਸ਼ ਦੀ ਉਡਾਣ ਲਈ ਕਾਰਖਾਨਿਆਂ ਦੀ ਜਿੰਨੀ ਜ਼ਰੂਰਤ ਹੈ, ਉਤਨੀ ਹੀ ਜ਼ਰੂਰਤ ਅੰਨਦਾਤਿਆਂ ਦੇ ਚਿਹਰਿਆਂ ਉੱਤੇ ਸਕੂਨ ਦੇਖਣ ਦੀ ਵੀ ਹੈ। ਚਮਕਦੇ ਬੁਨਿਆਦੀ ਢਾਂਚੇ ਅਤੇ ਲਹਿਲਹਾਉਂਦੇ ਖੇਤਾਂ ਦੇ ਵਿਚਕਾਰ ਦਾ ਮਾਨਵੀ ਸੰਤੁਲਨ ਹੀ ਇੱਕ ਨਿਆਂਪੂਰਵਕ ਅਤੇ ਤਾਕਤਵਰ ਭਾਰਤ ਦੀ ਨੀਂਹ ਮਜ਼ਬੂਤ ਕਰ ਸਕਦਾ ਹੈ। ਪਰ ਸਰਕਾਰ ਇਹਨਾਂ ਮਸਲਿਆਂ ਪ੍ਰਤੀ ਚੁੱਪ ਹੈ।ਨਿਰਸੰਦੇਹ, ਲੋਕਤੰਤਰ ਦੀ ਅਸਲੀ ਮਜ਼ਬੂਤੀ ਚੋਣਾਂ ਦੀ ਤਾਰੀਖ਼ ਜਾਂ ਕੈਲੰਡਰ ਬਦਲਣ ਨਾਲ ਨਹੀਂ, ਸਗੋਂ ਰਾਜਨੀਤੀ ਵਿੱਚੋਂ ਧਨ-ਬਲ ਤੇ ਅਪਰਾਧ ਨੂੰ ਬਾਹਰ ਕੱਢਣ, ਸੰਘੀ ਢਾਂਚੇ ਨੂੰ ਬਚਾਉਣ, ਖੇਤਰੀ ਆਵਾਜ਼ਾਂ ਦਾ ਸਤਿਕਾਰ ਕਰਨ ਅਤੇ ਆਮ ਨਾਗਰਿਕ ਨੂੰ ਇਨਸਾਫ਼ ਦੇਣ ਨਾਲ ਹੀ ਸੰਭਵ ਹੈ। ਪਰ ਜਦੋਂ ਲੋਕ ਹਿੱਤਾਂ ਦੇ ਉਲਟ ਕਾਨੂੰਨ ਬਣਨਗੇ, ਉਦੋਂ ਲੋਕਤੰਤਰ ਵੀ ਕਮਜ਼ੋਰ ਹੋਏਗਾ ਅਤੇ ਆਮ ਆਦਮੀ ਨਿਆਂ ਤੋਂ ਸੱਖਣਾ ਹੋਏਗਾ।

## ਖਾਮੋਸ਼ ਹੋ ਰਹੀਆਂ ਆਵਾਜ਼ਾਂ

# ਨੌਜਵਾਨਾਂ ਵਿੱਚ ਵੱਧ ਰਹੀਆਂ ਖੁਦਕੁਸ਼ੀਆਂ ਦਾ ਦਰਦ



ਜਦੋਂ ਇੱਕ ਨੌਜਵਾਨ ਆਪਣੀ ਜ਼ਿੰਦਗੀ ਤੋਂ ਹਾਰ ਮੰਨ ਲੈਂਦਾ ਹੈ, ਤਾਂ ਸਿਰਫ਼ ਇੱਕ ਸਾਹ ਨਹੀਂ ਰੁਕਦਾ, ਸਗੋਂ ਇੱਕ ਮਾਂ ਦੀਆਂ ਦੁਆਵਾਂ, ਇੱਕ ਪਿਤਾ ਦੇ ਸੁਪਨੇ ਅਤੇ ਪੂਰੇ ਪਰਿਵਾਰ ਦੀਆਂ ਉਮੀਦਾਂ ਵੀ ਹਮੇਸ਼ਾ ਲਈ ਖਾਮੋਸ਼ ਹੋ ਜਾਂਦੀਆਂ ਹਨ।

ਕਿਸੇ ਵੀ ਦੇਸ਼ ਦੀ ਸਭ ਤੋਂ ਵੱਡੀ ਦੌਲਤ ਉਸਦਾ ਨੌਜਵਾਨ ਵਰਗ ਹੁੰਦਾ ਹੈ। ਇਹ ਉਹ ਪੀੜ੍ਹੀ ਹੈ ਜੋ ਨਵੇਂ ਸੁਪਨੇ ਦੇਖਦੀ ਹੈ, ਨਵੇਂ ਵਿਚਾਰਾਂ ਨੂੰ ਜਨਮ ਦਿੰਦੀ ਹੈ ਅਤੇ ਸਮਾਜ ਨੂੰ ਅੱਗੇ ਲੈ ਕੇ ਜਾਂਦੀ ਹੈ। ਪਰ ਅੱਜ ਇੱਕ ਅਜਿਹਾ ਦਰਦ ਸਾਡੇ ਸਾਹਮਣੇ ਖੜ੍ਹਾ ਹੈ ਜਿਸ ਨੂੰ ਅਸੀਂ ਚਾਹ ਕੇ ਵੀ ਅਣਡਿੱਠਾ ਨਹੀਂ ਕਰ ਸਕਦੇ। ਹਰ ਕੁਝ ਦਿਨਾਂ ਬਾਅਦ ਕਿਸੇ ਨਾ ਕਿਸੇ ਨੌਜਵਾਨ ਦੀ ਖੁਦਕੁਸ਼ੀ ਦੀ ਖ਼ਬਰ ਦਿਲ ਨੂੰ ਝੰਝੋੜ ਜਾਂਦੀ ਹੈ। ਸਵਾਲ ਇਹ ਨਹੀਂ ਕਿ ਇੱਕ ਹੋਰ ਜ਼ਿੰਦਗੀ ਕਿਉਂ ਮੁੱਕ ਗਈ, ਸਵਾਲ ਇਹ ਹੈ ਕਿ ਅਸੀਂ ਉਸ ਤੱਕ ਸਮੇਂ ਸਿਰ ਕਿਉਂ ਨਹੀਂ ਪਹੁੰਚ ਸਕੇ ? ਖੁਦਕੁਸ਼ੀ ਇੱਕ ਪਲ ਦਾ ਫ਼ੈਸਲਾ ਨਹੀਂ ਹੁੰਦੀ। ਇਸ ਦੇ ਪਿੱਛੇ ਕਈ ਦਿਨਾਂ, ਮਹੀਨਿਆਂ ਜਾਂ ਕਈ ਵਾਰ ਸਾਲਾਂ ਦਾ ਇਕੱਠਾ ਹੋਇਆ ਦਰਦ, ਇਕੱਲਾਪਣ ਅਤੇ ਬੇਬਸੀ ਲੁਕੀ ਹੁੰਦੀ ਹੈ। ਅਕਸਰ ਅਸੀਂ ਸਿਰਫ਼ ਮੁਸਕਰਾਉਂਦੇ ਚਿਹਰੇ ਵੇਖਦੇ ਹਾਂ, ਪਰ ਉਹਨਾਂ ਚਿਹਰਿਆਂ ਦੇ ਪਿੱਛੇ ਲੁਕੀਆਂ ਬੇਚੈਨ ਰਾਤਾਂ ਅਤੇ ਅਣਕਹੀਆਂ ਪੀੜਾਂ ਨੂੰ ਪੜ੍ਹਨ ਦੀ ਕੋਸ਼ਿਸ਼ ਨਹੀਂ ਕਰਦੇ।

ਅੱਜ ਦਾ ਨੌਜਵਾਨ ਇੱਕ ਅਜਿਹੀ ਦੌੜ ਵਿੱਚ ਦੌੜ ਰਿਹਾ ਹੈ ਜਿਸਦੀ ਕੋਈ ਅੰਤਿਮ ਮੰਜ਼ਿਲ ਨਹੀਂ। ਵਧੀਆ ਨੰਬਰ, ਚੰਗੀ ਨੌਕਰੀ, ਵਿਦੇਸ਼ ਜਾਣ ਦੀ ਇੱਛਾ, ਆਰਥਿਕ ਸੁਰੱਖਿਆ, ਪਰਿਵਾਰ ਦੀਆਂ ਉਮੀਦਾਂ ਅਤੇ ਸੋਸ਼ਲ ਮੀਡੀਆ 'ਤੇ ਹਰ ਵੇਲੇ ਸਫ਼ਲ ਦਿਖਣ ਦਾ ਦਬਾਅ—ਇਹ ਸਭ ਮਿਲ ਕੇ ਉਸਦੇ ਮਨ ਨੂੰ ਥਕਾ ਦਿੰਦੇ ਹਨ। ਜਦੋਂ ਇਹ ਦਬਾਅ ਬਹੁਤ ਵੱਧ ਜਾਂਦਾ ਹੈ ਅਤੇ ਉਸਨੂੰ ਕੋਈ ਸੁਣਨ ਵਾਲਾ ਨਹੀਂ ਮਿਲਦਾ, ਤਾਂ ਉਹ ਆਪਣੀ ਚੁੱਪ ਵਿੱਚ ਹੀ ਕੈਦ ਹੋ ਜਾਂਦਾ ਹੈ।

ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਅਸੀਂ ਅਜੇ ਵੀ ਮਨ ਦੀ ਤਕਲੀਫ਼ ਨੂੰ ਉਹ ਮਹੱਤਵ ਨਹੀਂ ਦਿੰਦੇ ਜੋ ਸਰੀਰਕ ਬਿਮਾਰੀ ਨੂੰ ਦਿੰਦੇ ਹਾਂ। ਜੇ ਕਿਸੇ ਨੂੰ ਬੁਖ਼ਾਰ ਹੋਵੇ ਤਾਂ ਅਸੀਂ ਤੁਰੰਤ ਡਾਕਟਰ ਕੋਲ ਲੈ ਜਾਂਦੇ ਹਾਂ, ਪਰ ਜਦੋਂ ਕਿਸੇ ਦਾ ਮਨ ਟੁੱਟ ਰਿਹਾ ਹੋਵੇ ਤਾਂ ਅਕਸਰ ਕਹਿ ਦਿੰਦੇ ਹਾਂ, ਇੰਨਾ ਨਾ ਸੋਚ , ਸਭ ਠੀਕ ਹੋ ਜਾਵੇਗਾ ਜਾਂ ਤੂੰ ਮਜ਼ਬੂਤ ਬਣ ਇਹ ਸ਼ਬਦ ਕਈ ਵਾਰ ਉਸ ਇਨਸਾਨ ਨੂੰ ਹੋਰ ਵੀ ਇਕੱਲਾ ਕਰ ਦਿੰਦੇ ਹਨ।

ਮਾਪਿਆਂ ਲਈ ਵੀ ਇਹ ਸਮਾਂ ਆਤਮ-ਚਿੰਤਨ ਦਾ ਹੈ। ਬੱਚਿਆਂ ਨੂੰ ਉੱਚੀਆਂ ਉਡਾਣਾਂ ਲਈ ਪ੍ਰੇਰਿਤ ਕਰਨਾ ਜ਼ਰੂਰੀ ਹੈ, ਪਰ ਇਸ ਤੋਂ ਵੀ ਵੱਧ ਜ਼ਰੂਰੀ ਹੈ ਉਨ੍ਹਾਂ ਨੂੰ ਇਹ ਯਕੀਨ ਦਿਵਾਉਣਾ ਕਿ ਜੇ ਉਹ ਹਾਰ ਵੀ ਜਾਣ, ਤਾਂ ਘਰ ਦੇ ਦਰਵਾਜ਼ੇ ਅਤੇ ਮਾਪਿਆਂ ਦੀਆਂ ਬਾਹਾਂ ਹਮੇਸ਼ਾ ਖੁੱਲ੍ਹੀਆਂ ਰਹਿਣਗੀਆਂ। ਜਿੱਥੇ ਡਰ ਦੀ ਥਾਂ ਭਰੋਸਾ ਹੋਵੇ, ਉੱਥੇ ਬੱਚੇ ਆਪਣੇ ਮਨ ਦਾ ਦਰਦ ਨਹੀਂ ਲੁਕਾਉਂਦੇ।

ਅਧਿਆਪਕਾਂ, ਦੋਸਤਾਂ ਅਤੇ ਸਮਾਜ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ। ਕਈ ਵਾਰ ਕਿਸੇ ਦੀਆਂ ਅੱਖਾਂ ਦੀ ਉਦਾਸੀ, ਉਸਦੀ ਖਾਮੋਸ਼ੀ ਜਾਂ ਅਚਾਨਕ ਬਦਲਿਆ ਹੋਇਆ ਵਿਹਾਰ ਸਾਨੂੰ ਕੁਝ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ। ਲੋੜ ਸਿਰਫ਼ ਇੰਨੀ ਹੈ ਕਿ ਅਸੀਂ ਆਪਣੇ ਰੁਝੇਵੇਂ ਵਿੱਚੋਂ ਕੁਝ ਪਲ ਕੱਢ ਕੇ ਉਸਨੂੰ ਸੁਣੀਏ, ਸਮਝੀਏ ਅਤੇ ਲੋੜ ਪੈਣ 'ਤੇ ਮਾਹਿਰਾਂ ਦੀ ਮਦਦ ਲੈਣ ਲਈ ਉਤਸ਼ਾਹਿਤ ਕਰੀਏ।ਕਿਸੇ ਵੀ ਸਮਾਜ ਦੀ ਤਰੱਕੀ ਸਿਰਫ਼ ਉੱਚੀਆਂ ਇਮਾਰਤਾਂ, ਵੱਡੀਆਂ ਸੜਕਾਂ ਜਾਂ ਆਰਥਿਕ ਵਿਕਾਸ ਨਾਲ ਨਹੀਂ ਮਾਪੀ ਜਾਂਦੀ। ਅਸਲ ਤਰੱਕੀ ਤਾਂ ਉਦੋਂ ਹੁੰਦੀ ਹੈ ਜਦੋਂ ਉਸ ਸਮਾਜ ਦਾ ਹਰ ਨੌਜਵਾਨ ਇਹ ਮਹਿਸੂਸ ਕਰੇ ਕਿ ਉਸਦੀ ਜ਼ਿੰਦਗੀ ਕੀਮਤੀ ਹੈ, ਉਸਦੀ ਗੱਲ ਸੁਣਨ ਵਾਲੇ ਲੋਕ ਹਨ ਅਤੇ ਹਰ ਹਨੇਰੀ ਰਾਤ ਤੋਂ ਬਾਅਦ ਇੱਕ ਨਵੀਂ ਸਵੇਰ ਜ਼ਰੂਰ ਆਉਂਦੀ ਹੈ।ਆਓ, ਅਸੀਂ ਅਜਿਹਾ ਮਾਹੌਲ ਬਣਾਈਏ ਜਿੱਥੇ ਸਫ਼ਲਤਾ ਨਾਲੋਂ ਵੱਧ ਇਨਸਾਨੀਅਤ ਦੀ ਕਦਰ ਹੋਵੇ, ਮੁਕਾਬਲੇ ਨਾਲੋਂ ਵੱਧ ਸਹਿਯੋਗ ਹੋਵੇ ਅਤੇ ਫ਼ੈਸਲੇ ਸੁਣਾਉਣ ਨਾਲੋਂ ਵੱਧ ਇੱਕ-ਦੂਜੇ ਨੂੰ ਸੁਣਨ ਦੀ ਆਦਤ ਹੋਵੇ। ਸ਼ਾਇਦ ਫਿਰ ਕੋਈ ਨੌਜਵਾਨ ਆਪਣੀ ਜ਼ਿੰਦਗੀ ਖ਼ਤਮ ਕਰਨ ਤੋਂ ਪਹਿਲਾਂ ਇਹ ਸੋਚੇ ਕਿ ਇਸ ਦੁਨੀਆ ਵਿੱਚ ਕੋਈ ਤਾਂ ਹੈ ਜੋ ਉਸਦਾ ਹੱਥ ਫੜਨ ਲਈ ਤਿਆਰ ਹੈ। ਜਦੋਂ ਅਸੀਂ ਕਿਸੇ ਨੌਜਵਾਨ ਨੂੰ ਸਿਰਫ਼ ਕਾਮਯਾਬ ਬਣਨ ਦੀ ਨਹੀਂ, ਸਗੋਂ ਜੀਵਨ ਨਾਲ ਜੁੜੇ ਰਹਿਣ ਦੀ ਪ੍ਰੇਰਣਾ ਦੇਵਾਂਗੇ, ਉਦੋਂ ਹੀ ਅਸੀਂ ਸੱਚੇ ਅਰਥਾਂ ਵਿੱਚ ਇੱਕ ਸਿਹਤਮੰਦ ਅਤੇ ਸੰਵੇਦਨਸ਼ੀਲ ਸਮਾਜ ਦੀ ਨੀਂਹ ਰੱਖਾਂਗੇ

**ਕੰਵਲ ਪੁਨੀਤ ਕੌਰ**
306-580-1860
**Regina, Saskatchewan**

# ਘਰ ਛੱਡਣੇ ਸੌਖੇ ਨਹੀਂ...



ਜਗਜੀਤ ਸਿੰਘ ਲੋਹਟਬੱਦੀ
89684-33500

ਭਲੇ ਵੇਲਿਆਂ ਤੋਂ ਹੀ ਮਨੁੱਖ ਘੁਮੱਕੜੀ ਸੋਚ ਦਾ ਰਹਿਬਰ ਰਿਹੈ। ਨਵੀਂਆਂ ਧਰਤੀਆਂ ਦੀ ਖਿੱਚ ਹਮੇਸ਼ਾ ਉਸਦੀ ਕਮਜ਼ੋਰੀ ਬਣੀ। ਦੂਰ ਦੇ ਢੋਲ ਸੁਹਾਵਣੇ ਲੱਗਦੇ ਰਹੇ ਨੇ। ਇਨ੍ਹਾਂ ਦਿਸਹੱਦਿਆਂ ਨੂੰ ਛੂਹਣ ਦੀ ਲਲਕ ਉਸ ਲਈ ਬਿਖਮਤਾ ਅਤੇ ਦੁਸ਼ਵਾਰੀਆਂ ਲੈ ਕੇ ਵੀ ਆਈ ਹੈ, ਪਰ ਮਾਨਵ ਤਾਂ ਮਾਨਵ ਠਹਿਰਿਆ। ਚੁਣੌਤੀ ਦਾ ਸਾਹਮਣਾ ਕਰਨਾ ਤਾਂ ਉਸਦਾ ਧਰਮ ਰਿਹੈ।

ਮੁਸੀਬਤੋਂ ਸੇ ਨਿਖਰਤੀ ਹੈ ਸ਼ਖ਼ਸੀਅਤ ਯਾਰੋ,<br>
ਜੋ ਚਟਾਨੋਂ ਸੇ ਨਾ ਉਲਝੇ,<br>
ਵੋਹ ਚਸ਼ਮਾ ਕਿਸ ਕਾਮ ਕਾ !

ਆਵਾਜਾਈ ਦੇ ਸਾਧਨਾਂ ਦੀ ਘਾਟ, ਮੌਸਮ ਦੇ ਥਪੇੜਿਆਂ ਦੀ ਕਰੂਰਤਾ, ਆਪਣੀ ਜੰਮਣ ਭੋਇੰ ਤੋਂ ਉੱਜੜਨ ਦਾ ਹੇਰਵਾ ਵੀ ਇਨਸਾਨ ਦੇ ਕਦਮ ਰੋਕ ਨਹੀਂ ਸਕਿਆ। 'ਖ਼ਾਨਾ-ਬਦੋਸ਼' ਅਤੇ 'ਟੱਪਰੀਵਾਸ' ਜਿਹੀਆਂ ਲੱਗੀਆਂ ਚੇਪੀਆਂ ਵੀ ਉਸਨੂੰ ਡੁਲਾ ਨਹੀਂ ਸਕੀਆਂ। ਝੱਖੜ ਝਾਗ ਕੇ ਵੀ ਉਹ ਬਿੱਖੜੇ ਪੈਂਡਿਆਂ ਤੇ ਤੁਰਦਾ ਰਿਹੈ।

ਕੋਲੰਬਸ ਨੂੰ ਪੰਦਰਵੀਂ ਸਦੀ ਵਿੱਚ ਹਿੰਦੁਸਤਾਨ ਲੱਭਣ ਦਾ ਭੁੱਸ ਪਿਆ। ਅਮਰੀਕਾ ਜਾ ਪਹੁੰਚਿਆ। ਅੰਗਰੇਜ਼, ਪੁਰਤਗੇਜ਼ੀ, ਫਰਾਂਸੀਸੀ ਨਵੀਂਆਂ ਕਾਲੋਨੀਆਂ ਭਾਲਣ ਤੁਰੇ। ਕਾਰਨ ਕਈ ਹੋ ਸਕਦੇ ਹਨ, ਪਰ ਪਰਵਾਸ ਮਨੁੱਖ ਦੀ ਹੋਣੀ ਰਿਹੈ। ਸੰਤਾਲੀ ਦੇ ਸੰਤਾਪ ਨੇ ਭਰੇ ਭਰਾਏ ਘਰ ਖਾਲ਼ੀ ਕਰਕੇ ਰਫਿਊਜੀ ਬਣਾ ਧਰਿਆ। ਭਾਂ ਭਾਂ ਕਰਦੀਆਂ ਦਹਿਲੀਜ਼ਾਂ ਅਤੇ ਰੰਭਦੇ ਪਸ਼ੂਆਂ ਵੱਲ ਮੁੜ ਕੇ ਝਾਤ ਮਾਰਨ ਦਾ ਜ਼ੇਰਾ ਨਾ ਪਿਆ। ਨਵੀਂ ਧਰਤੀ, ਨਵੇਂ ਲੋਕ! ਇਜ਼ਰਾਈਲ ਨੂੰ ਘਰ ਮਿਲ ਗਿਆ, ਪਰ ਫ਼ਲਸਤੀਨੀ ਅਜੇ ਤੱਕ ਬੇਘਰ ਨੇ। ਸੀਰੀਆਈ ਸ਼ਰਨਾਰਥੀ ਦਰ ਦਰ ਕੁੰਡੇ ਖੜਕਾ ਰਹੇ ਨੇ ਅਤੇ ਰੋਹਿੰਗੀਆਂ ਦਾ ਕੋਈ ਘਰ, ਕੋਈ ਦੇਸ਼ ਹੀ ਨਹੀਂ ਰਿਹਾ। ਉਦਾਸ ਅਤੇ ਓਦਰੇ ਚਿਹਰਿਆਂ ਦੀ ਕੋਈ ਵਿੱਥਿਆ ਸੁਣਨ ਵਾਲਾ ਈ ਨੀ ਦਿੱਸਦਾ:

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥<br>
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥

ਇਨਸਾਨ ਬਿਹਤਰ ਆਰਥਿਕ ਸੰਭਾਵਨਾਵਾਂ ਅਤੇ ਮਿਆਰੀ ਜ਼ਿੰਦਗੀ ਦੀ ਤਲਾਸ਼ ਵਿੱਚ ਪਰਵਾਸ ਕਰਦਾ ਰਿਹੈ। ਉਸਨੂੰ ਇੱਕ ਥਾਂ ਨਾਲ ਬੱਝਣਾ ਗਵਾਰਾ ਨਹੀਂ। ਕਿਹਾ ਜਾਂਦੈ ਕਿ ਸੁੱਖ ਸਹੂਲਤਾਂ ਨਾਲ ਭਰੇ ਘਰ ਆਪਣੀ ਹੀ ਤਲਾਸ਼ ਦੇ ਰਾਹ ਵਿੱਚ ਰੋੜਾ ਬਣਦੇ ਹਨ, ਪਰ ਫਿਰ ਵੀ ਟੱਪਰੀਵਾਸਾਂ ਵਾਲੀ ਜ਼ਿੰਦਗੀ ਜਿਉਣਾਂ ਇੱਕ ਲਲਕਾਰ ਬਣ ਜਾਂਦੈ। ਉਹ ਗਾਹੇ ਬਗਾਹੇ ਐਸ਼ੋ ਅਰਾਮ ਨੂੰ ਛੱਡ ਕੇ ਚੁਣੌਤੀ ਕਬੂਲ ਕਰਨੀ ਲੋਚਦੇ ਨੇ। ਵਾਚਿਆ ਗਿਐ ਕਿ ਦੂਸਰੀ ਵਿਸ਼ਵ ਜੰਗ ਤੋਂ ਬਾਅਦ, ਦੁਨੀਆਂ ਦੀ ਆਰਥਿਕਤਾ ਸਰਕਾਰਾਂ ਦੇ ਹੱਥਾਂ ਵਿੱਚੋਂ ਨਿੱਕਲ ਕੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਆਈ ਹੈ। ਜਿੱਥੋਂ ਵੀ ਇਨ੍ਹਾਂ ਨੂੰ ਆਪਣੇ ਕਾਰੋਬਾਰਾਂ ਲਈ ਸਸਤਾ ਸੌਦਾ ਮਿਲੇਗਾ, ਉਹ ਲੱਭ ਲੈਣਗੇ। ਅਮਰੀਕੀਆਂ ਨੂੰ ਜੇ ਸਸਤੇ ਕੰਪਿਊਟਰ- ਉਪਰੇਟਰ ਅਤੇ ਕੈਨੇਡਾ ਨੂੰ ਘੱਟ ਤਨਖ਼ਾਹ ਵਾਲੇ ਡਰਾਈਵਰ, ਭਾਰਤ ਵਿੱਚੋਂ ਮਿਲਣਗੇ, ਤਾਂ ਪਰਵਾਸ ਵਧੇਗਾ ਹੀ। ਅਰਬ ਮੁਲਕਾਂ ਦੀਆਂ ਕੰਪਨੀਆਂ ਅਥਾਹ ਆਰਥਿਕ ਆਧਾਰ ਰੱਖਣ ਦੇ ਬਾਵਜੂਦ ਸਸਤੀ ਕਿਰਤ ਵੱਲ ਵੇਖਦੀਆਂ ਨੇ ਅਤੇ ਸਾਡੇ ਕਾਮਿਆਂ ਲਈ ਰੁਜ਼ਗਾਰ ਦਾ ਮੱਕਾ ਬਣੀਆਂ ਹੋਈਆਂ ਨੇ।

ਦੇਰ ਸਵੇਰ ਮਨੁੱਖ ਆਪਣੀਆਂ ਜੜ੍ਹਾਂ ਤੋਂ ਦੂਰ ਹੁੰਦਾ ਰਿਹੈ। ਇਹ ਸਾਡੇ ਵਿਰਸੇ ਦਾ ਅਟੁੱਟ ਅੰਗ ਬਣਿਐ। ਸਾਂਝੇ ਪਰਿਵਾਰ ਨੂੰ ਛੱਡ ਕੇ ਪਿੰਡਾਂ ਤੋਂ ਸ਼ਹਿਰਾਂ ਵਿਚਲਾ ਵਾਸਾ ਇਸੇ ਕੜੀ ਦਾ ਹਿੱਸਾ ਰਿਹੈ। ਜੜ੍ਹਾਂ ਨਾਲ਼ੋਂ ਟੁੱਟਣ ਦਾ ਉਦਰੇਵਾਂ, ਚੀਸ ਜ਼ਰੂਰ ਦਿੰਦੈ। ਆਪਣੇ ਘਰ ਨੂੰ, ਆਪਣੇ ਪੁਰਖਿਆਂ ਨੂੰ ਅਲਵਿਦਾ ਕਹਿਣਾ ਵੀ ਤਾਂ ਆਪਣੀਆਂ ਨੀਂਹਾਂ ਤੇ ਸੱਟ ਮਾਰਨ ਵਾਂਗ ਲੱਗਦੈ। ਸਮਾਜਿਕ ਬੰਧਨ ਕਮਜ਼ੋਰ ਪੈਂਦੇ ਨੇ। ਆਪਣਿਆਂ ਤੋਂ ਵਿੱਛੜਨਾ ਸਦਮਾ ਲੱਗਦੈ। ਪੰਜਾਬੀ ਯੂਨੀਵਰਸਿਟੀ ਦੇ ਰੀਜਨਲ ਸੈਂਟਰ ਬਠਿੰਡਾ ਦੇ ਸਾਬਕਾ ਮੁਖੀ ਡਾਕਟਰ ਪਰਮਜੀਤ ਸਿੰਘ ਰਮਾਣਾ ਦਾ ਮੰਨਣਾ ਹੈ ਕਿ ਪਰਵਾਸ ਦੌਰਾਨ ਜਦੋਂ ਆਪਣੀ ਹੋਂਦ, ਆਪਣੀ ਪਛਾਣ ਨੂੰ ਕੋਈ ਆਂਚ ਨਾ ਆਉਂਦੀ ਲੱਗੇ ਤਾਂ ਮਨੁੱਖ ਬਦੋਬਦੀ ਕਿਸੇ ਧਰੂ ਤਾਰੇ ਦੀ ਖੋਜ ਵਿੱਚ ਨਿੱਕਲ ਪੈਂਦੈ। ਡੁਹਾਡੀ ਭਾਸ਼ਾ, ਤੁਹਾਡੀ ਕੌਮੀਅਤ, ਤੁਹਾਡਾ ਧਰਮ, ਤੁਹਾਡਾ ਪਹਿਰਾਵਾ, ਅਗਰ ਸੁਰੱਖਿਅਤ ਹੈ, ਤਾਂ ਪਰਾਈ ਧਰਤੀ ਵੀ ਤੁਹਾਨੂੰ ਆਪਣੀ ਮਾਂ ਵਰਗੀ ਲੱਗਦੀ ਐ। ਇਹ ਮੁਮਕਿਨ ਹੈ ਕਿ ਪਹਿਲੀ ਪੀੜ੍ਹੀ ਨੂੰ ਅਜਿਹੇ ਅਰਥਾਂ ਨਾਲ ਸਰੋਕਾਰ ਹੋਵੇ, ਪਰ ਅਗਲੀਆਂ ਪੀੜ੍ਹੀਆਂ ਇਸ ਤਰਾਂ ਦੇ ਵਿਰਸੇ ਦੇ ਪ੍ਰਭਾਵ ਤੋਂ ਦੂਰ ਹੋਣਗੀਆਂ। ਨਵੀਂ ਸੰਸਕ੍ਰਿਤੀ ਉਨ੍ਹਾਂ ਨੂੰ ਮੋਹਿਤ ਕਰੇਗੀ, ਜਿੱਥੇ ਉਹ ਜਾਤ, ਧਰਮ, ਲਿੰਗ ਦੇ ਵਖਰੇਵਿਆਂ ਤੋਂ ਮੁਕਤ ਹੋਣਗੇ। ਇਹ ਧੜਕਦੀ ਜ਼ਿੰਦਗੀ ਦੀ ਨਿਸ਼ਾਨੀ ਵੀ ਹੈ ਅਤੇ ਬ੍ਰਹਿਮੰਡ ਦੇ ਇੱਕ ਵੱਡਾ ਪਰਿਵਾਰ ਹੋਣ ਦੇ ਸੁਪਨੇ ਦੀ ਨਿਆਈਂ ਵੀ।

ਪਰਵਾਸ ਅਟੱਲ ਐ। ਪਰ ਭਾਰਤ ਵਰਗੇ ਵਿਕਾਸਸ਼ੀਲ ਮੁਲਕਾਂ ਨੂੰ ਇਹ ਦੂਹਰੀ ਸੱਟ ਮਾਰਦੈ। ਡਾ. ਰਮਾਣਾ ਦੱਸਦੇ ਨੇ ਕਿ ਇੱਕ ਤਾਂ ਅਸੀਂ ਸੂਝਵਾਨ ਦਿਮਾਗਾਂ ਤੋਂ ਵਿਰਵੇ ਹੋ ਜਾਂਦੇ ਹਾਂ, ਦੂਸਰਾ ਉਹੀ ਹੱਥ, ਜੋ 30-35 ਸਾਲ ਕੰਮ ਕਰਨ ਦੇ ਸਮਰੱਥ ਹੁੰਦੇ ਨੇ ਅਤੇ ਜਿਨ੍ਹਾਂ ਨੇ ਵੱਡਾ ਟੈਕਸ ਯੋਗਦਾਨ ਕਰਨਾ ਹੁੰਦਾ ਹੈ, ਉਹ ਆਪਣੇ ਨਵੇਂ ਦੇਸ਼ ਦੀ ਤਰੱਕੀ ਦਾ ਸਬੱਬ ਬਣਦੇ ਨੇ। ਵਿਦੇਸ਼ਾਂ ਦਾ ਲਾਹਾ, ਸਾਡਾ ਕੌਮੀ ਖ਼ਸਾਰਾ ਬਣਦੈ। ਪੰਜਾਬ ਦੀ ਇਹ ਤ੍ਰਾਸਦੀ ਹੈ ਕਿ ਇੱਥੇ ਕੋਈ ਸਿੱਲੀਕਾਨ ਵੈਲੀ, ਹਾਈ ਟੈੱਕ ਸਿਟੀ, ਆਈ ਟੀ ਹੱਬ ਬਣੀ ਹੀ ਨਹੀਂ। ਵੱਡੀਆਂ ਸਨਅਤਾਂ ਦੀ ਅਣਹੋਂਦ, ਬੇਰੁਜ਼ਗਾਰੀ ਅਤੇ ਨਸ਼ਿਆਂ ਦੇ ਦਾਗ ਨੇ ਜਵਾਨੀ ਨੂੰ ਪਰਵਾਸ ਵੱਲ ਧੱਕਿਆ ਹੈ। ਉਹ ਘਰੋਂ ਦੂਰ ਦੂਜੇ ਸੂਬਿਆਂ ਵਿੱਚ ਨੌਕਰੀ ਕਰਨ ਦੀ ਥਾਂ ਵਿਦੇਸ਼ਾਂ ਨੂੰ ਤਰਜੀਹ ਦਿੰਦੇ ਨੇ। 'ਘਰ ਘਰ ਨੌਕਰੀ' ਦੇ ਝੂਠੇ ਵਾਅਦੇ, ਸੜਕਾਂ ਤੇ ਰੁਲ਼ਦੇ ਪੜ੍ਹਾਕੂ, ਪੌਣੀ ਸਦੀ ਬਾਅਦ ਵੀ ਕਿਸੇ ਠੋਸ ਸਿੱਖਿਆ ਨੀਤੀ ਦੀ ਅਣਹੋਂਦ, ਸਿਸਟਮ ਦਾ ਮੂੰਹ ਚਿੜਾਉਂਦੇ ਨੇ। ਗੈਂਗਸਟਰ ਕਲਚਰ ਨੇ ਮਾਪਿਆਂ ਵਿੱਚ ਖ਼ੌਫ਼ ਭਰਿਐ। ਕੁੱਝ ਸਾਲ ਪਹਿਲਾਂ ਜੋ ਕਹਿੰਦੇ ਸੀ, ਨਾ ਮੇਰਾ ਪੁੱਤ !ਆਪਣੇ ਕੋਲ ਕਿਹੜਾ ਕਮੀ ਆ ਕਿਸੇ ਚੀਜ਼ ਦੀ... ਆਪਣਾ ਤਾਂ ਏਥੇ ਈ ਕਨੇਡਾ ਆ , ਆਪਣੇ ਹੱਥੀਂ ਜ਼ਮੀਨਾਂ ਵੇਚ ਕੇ ਲਾਡਲਿਆਂ ਨੂੰ ਜਹਾਜ਼ ਚੜ੍ਹਾ ਰਹੇ ਨੇ। ਸਰਬਜੀਤ ਕੌਰ ਜੱਸ ਇਸ ਗ਼ਮਗੀਨ ਘੜੀ ਨੂੰ ਯਾਦ ਕਰਦੀ ਐ:

'ਗੂਠਾ ਬਾਪੂ ਦਾ ਹਵਾਈ ਅੱਡਾ ਬਣਿਆ<br>
ਪੁੱਤਾਂ ਦੇ ਜਹਾਜ਼ ਉੱਡ ਗਏ।

ਸਟੱਡੀ ਵੀਜ਼ਾ ਲੈਣ ਵਿੱਚ ਪੰਜਾਬ ਪਹਿਲਾ ਨੰਬਰ ਲੈ ਗਿਐ! ਬਿਊਰੋ ਆਫ ਇੰਮੀਗਰੇਸ਼ਨ ਦੀ ਰਿਪੋਰਟ ਦੱਸਦੀ ਐ ਕਿ ਪਿਛਲੇ ਪੰਜ ਸਾਲਾਂ ਵਿੱਚ ਦੋ ਲੱਖ ਬਾਹਠ ਹਜ਼ਾਰ ਪਾੜ੍ਹੇ ਪੰਜਾਬ ਛੱਡ ਚੁੱਕੇ ਨੇ। ਰੋਜ਼ਾਨਾ ਇੱਕ ਸੌ ਚਾਲੀ ਪੰਜਾਬੀ ਬਾਹਰਲੇ ਦੇਸ਼ਾਂ ਵਿੱਚ 'ਲੈਂਡ' ਕਰ ਰਹੇ ਨੇ। ਪੱਕੇ ਬਾਸ਼ਿੰਦਿਆਂ ਦੇ ਤੌਰ ਤੇ ਜਾਣ ਵਾਲ਼ਿਆਂ ਦੀ ਗਿਣਤੀ ਵੱਖਰੀ ਐ। ਅੰਦਾਜ਼ਨ ਪੰਦਰਾਂ ਲੱਖ ਰੁਪਏ ਇੱਕ ਵਿਦਿਆਰਥੀ ਦੀ ਫ਼ੀਸ ਅਤੇ ਹੋਰ ਖ਼ਰਚੇ ਲਗਾਈਏ, ਤਾਂ ਪੰਜ ਸਾਲਾਂ ਵਿੱਚ ਚਾਰ ਹਜ਼ਾਰ ਕਰੋੜ ਸਰਮਾਇਆ ਬਾਹਰ ਉਡਾਰੀ ਮਾਰ ਚੁੱਕਾ ਹੈ। ਹਰ ਵੀਹਵੇਂ ਘਰ ਦਾ 'ਲਾਲ' ਵਿਦੇਸ਼ੀਂ ਪਹੁੰਚ ਗਿਐ! ਪੰਜਾਬੀਆਂ ਨੇ ਪਿਛਲੇ ਸੱਤ ਸਾਲਾਂ ਵਿੱਚ 54.36 ਲੱਖ ਪਾਸਪੋਰਟ ਬਣਵਾਏ ਨੇ, ਜਦੋਂ ਕਿ ਇੱਥੇ ਘਰਾਂ ਦੀ ਗਿਣਤੀ 55 ਲੱਖ ਐ। ਤਸਵੀਰ ਪਤਾ ਨਹੀਂ ਕੀ ਬਿਆਨ ਕਰਦੀ ਐ? ਰੁਝਾਨ ਇੰਨਾਂ ਵੱਧ ਚੁੱਕਿਐ ਕਿ ਪਹਿਲਾਂ ਗਰੈਜੂਏਸ਼ਨ ਤੋਂ ਬਾਅਦ ਵਿਦੇਸ਼ ਜਾਣ ਦਾ 'ਟਰੈਂਡ' ਸੀ, ਹੁਣ ਜਮਾਂ ਦੋ ਤੱਕ ਆ ਗਿਐ! ਕੀ ਬਣੂ ਦੁਨੀਆਂ ਦਾ, ਸੱਚਾ ਪਾਤਸ਼ਾਹ ਵਾਹਿਗੁਰੂ ਜਾਣੇ!

ਕਿਸੇ ਨੂੰ ਵਿੱਦਿਅਕ ਯੋਗਤਾ ਪੁੱਛੋ, ਆਈਲੈਟਸ ਦੇ ਬੈਂਡ ਦੱਸਦੇ ਨੇ। ਪੜ੍ਹਾਕੂ ਕੁੜੀਆਂ ਦੀ ਕਦਰ ਪਈ ਐ। ਲੜਕੇ ਪਰਿਵਾਰ ਵੱਲੋਂ ਪੂਰਾ 'ਦਾਜ' ਦੇਕੇ ਕੁੜੀ ਨੂੰ ਬਾਹਰਲੇ ਮੁਲਕ ਪੜ੍ਹਾਈ ਲਈ ਭੇਜਿਆ ਜਾਂਦਾ, ਤਾਂ ਕਿ ਉਸਦੇ ਪਿੱਛੇ ਮੁੰਡਾ ਵੀ ਵਿਦੇਸ਼ 'ਸੈਟਲ' ਹੋ ਜਾਵੇ। ਇਸ ਵਿੱਚ ਵੀ ਹੁਣ ਬਹੁਤ ਵਾਰੀ ਠੱਗੀਆਂ ਸਾਹਮਣੇ ਆਈਆਂ ਨੇ। ਡਾਲਰਾਂ ਦੀ ਠਣਕ ਨੇ ਰਿਸ਼ਤਿਆਂ ਅਤੇ ਵਾਅਦਿਆਂ ਦਾ ਘਾਣ ਕੀਤੈ। 'ਬਾਹਰ' ਜਾਣ ਦੀ ਤਾਂਘ ਇੰਨਾਂ ਘਰ ਕਰ ਚੁੱਕੀ ਹੈ ਕਿ ਟਰੈਵਲ ਏਜੰਟਾਂ ਦਾ ਫ਼ਰੇਬ, ਮਾਲਟਾ ਬੋਟ ਕਾਂਡ(1996) ਅਤੇ ਮੈਕਸੀਕੋ ਦੇ ਜੰਗਲ਼ ਵੀ ਭੁਲਾਈ ਬੈਠੇ ਹਾਂ।

ਪੰਜਾਬੀਆਂ ਦਾ ਆਪਣੇ ਫ਼ਰਜ਼ੰਦਾਂ ਨੂੰ ਵਿਦੇਸ਼ ਭੇਜਣ ਪਿੱਛੇ ਆਰਥਿਕ ਪੱਖ ਜ਼ਿਆਦਾ ਭਾਰੂ ਐ। ਖੇਤੀ ਉੱਤੇ ਵਧਿਆ ਬੋਝ, ਜ਼ਮੀਨਾਂ ਦੇ ਛੋਟੇ ਟੁਕੜੇ, ਸਿਰ ਚੜ੍ਹਿਆ ਕਰਜ਼ਾ ਚਿੰਤਾ ਦੀ ਪੰਡ ਬਣੇ ਨੇ। 'ਸੱਪ ਦੇ ਮੂੰਹ ਵਿੱਚ ਕਿਰਲੀ' ਵਾਲੀ ਗੱਲ ਬਣੀ ਹੋਈ ਐ। ਰਾਜਨੀਤੀ ਲਈ ਪੜ੍ਹਾਈ, ਸਿਹਤ ਅਤੇ ਬੇਰੁਜ਼ਗਾਰੀ ਨਾਲ਼ੋਂ ਜ਼ਿਆਦਾ ਤਰਜੀਹੀ ਸ਼ਰਾਬ ਦੇ ਠੇਕੇ, ਮਾਈਨਿੰਗ ਅਤੇ ਮਾਫ਼ੀਆ ਗਰੋਹ ਨੇ, ਜਿਨ੍ਹਾਂ ਦੀ ਪਕੜ ਦਿਨੋ ਦਿਨ ਮਜ਼ਬੂਤ ਹੋ ਰਹੀ ਹੈ। ਭ੍ਰਿਸ਼ਟਾਚਾਰ ਦੇ ਇਸ ਕੁੰਭ ਵਿੱਚ ਚੁੱਭੀਆਂ ਵੱਜ ਰਹੀਆਂ ਹਨ। 'ਲੋਕ ਸੇਵਾ' ਕਰਨ ਵਾਲੇ ਪੰਜ ਪੰਜ ਲੱਖ ਰੁਪਏ ਦੀਆਂ ਪੈਨਸ਼ਨਾਂ ਤੇ ਬੁੱਲੇ ਲੁੱਟ ਰਹੇ ਨੇ। ਟੈਕਸ ਵੀ ਸਰਕਾਰੀ ਖ਼ਜ਼ਾਨੇ 'ਚੋਂ ਜਾਂਦੈ। ਮਲਾਈ ਵਾਲ਼ੀਆਂ ਨੌਕਰੀਆਂ ਵੱਡੇ ਘਰਾਂ ਦੇ ਕਾਕਿਆਂ ਵਾਸਤੇ ਰਾਖਵੀਂਆਂ ਨੇ! ਬੇਰੁਜ਼ਗਾਰ ਸੜਕਾਂ ਤੇ ਡਾਂਗਾਂ ਖਾਈ ਜਾਂਦੇ ਨੇ।'ਮੋਤੀਆਂ ਵਾਲੀ ਸਰਕਾਰ' ਮਹਿਲਾਂ ਵਿੱਚ ਆਰਾਮ ਫ਼ੁਰਮਾ ਰਹੀ ਐ। 'ਕੌਣ ਸਾਹਿਬ ਨੂੰ ਆਖੇ ਇੰਞ ਨਹੀਂ, ਇੰਞ ਕਰ'। ਬਦਇੰਤਜਾਮੀ ਦੇ ਹਮਾਮ ਵਿੱਚ ਸਾਰੇ ਨੰਗੇ ਨੇ। ਨਿਰਾਸ਼ਾ ਅਤੇ ਆਪਾ ਧਾਪੀ ਚਾਰੇ ਪਾਸੇ ਪਸਰੀ ਐ। ਬੁੱਢੇ ਮਾਂ ਪਿਉ ਹੇਰਵਾ ਵੀ ਲਾਈ ਰੱਖਦੇ ਨੇ ਅਤੇ ਮਨਾਂ ਨੂੰ ਧਰਵਾਸਾਵੀ ਦਿੰਦੇ ਰਹਿੰਦੇ ਨੇ ਕਿ ਪੁੱਤ ਕਮਾਈ ਕਰਨ ਗਿਐ। ਜ਼ਿੰਦਗੀ ਦੀ ਢਲਦੀ ਉਦਾਸ ਸ਼ਾਮ ਨੂੰ ਆਸਾਂ ਦਾ ਸਹਾਰਾ। ਡਾ. ਸੁਰਜੀਤ ਪਾਤਰ ਦੀ ਕਲਮ ਵੀ ਇਸ ਮੰਦੀ ਹਾਲਤ ਦੀ ਗਵਾਹ ਬਣਦੀ ਐ:

ਜੋ ਵਿਦੇਸ਼ਾਂ 'ਚ ਰੁਲ਼ਦੇ ਨੇ ਰੋਜ਼ੀ ਲਈ,<br>
ਉਹ ਜਦੋਂ ਦੇਸ਼ ਪਰਤਣਗੇ, ਆਪਣੇ ਕਦੀ,<br>
ਕੁੱਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ,<br>
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।

ਸਿਤਮ ਦੀ ਗੱਲ ਤਾਂ ਇਹ ਹੈ ਕਿ ਪਹਿਲੀ ਪੀੜ੍ਹੀ ਨੂੰ ਹੁਣ ਤੱਕ ਮਿੱਟੀ ਦਾ ਮੋਹ ਖਿੱਚ ਕੇ ਲਿਆਉਂਦਾ ਰਿਹੈ, ਸੱਥਾਂ 'ਚ ਹਰ ਸਾਲ ਹਾਜ਼ਰੀ ਲੱਗਦੀ ਰਹੀ ਐ। ਦੂਜੀ ਪੀੜ੍ਹੀ ਅੱਧ ਮੰਨੇ ਦਿਲ ਨਾਲ ਅਤੇ ਤੀਜੀ ਪੀੜ੍ਹੀ ਤਾਂ ਮਿੱਟੀ ਦੀ ਧੂੜ ਮੱਥੇ ਤੇ ਲਾਉਣ ਤੋਂ ਹੀ ਮੁਨਕਰ ਆ! ਪਿੰਡਾਂ ਵਿਚਲੇ ਮਹਿਲਨੁਮਾ ਬੰਗਲੇ ਭੂਤਵਾੜੇ ਬਣੇ ਪਏ ਨੇ। ਸਾਰਾ ਪਿੰਡ ਹੀ ਵਿਕਾਊ ਲੱਗਦੈ। ਬਜ਼ੁਰਗ ਜੋੜਿਆਂ ਦੀ ਭਾਰੀ ਤਾਦਾਦ ਇੱਥੇ ਰਹਿਣ ਲਈ ਮਜਬੂਰ ਐ। ਸਹੂਲਤਾਂ ਅਤੇ ਨੌਕਰਾਂ ਚਾਕਰਾਂ ਦੀ ਕਮੀ ਨਹੀਂ ਪਰ....

**ਦਿਲ ਹੀ ਉਦਾਸ ਹੈ ਜੀ,**<br>
**ਬਾਕੀ ਸਭ ਖ਼ੈਰ ਏ!**

ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਧੁੰਮਾਂ ਪਾਈਆਂ ਨੇ। ਨਕਸ਼ੇ ਤੇ ਕੋਈ ਕੋਨਾ ਫ਼ਰੋਲ ਲਵੋ, ਪੰਜਾਬੀ ਮਿਲ ਹੀ ਜਾਣਗੇ। ਪਰਵਾਸ ਦੀਆਂ ਮੁਸ਼ੱਕਤਾਂ ਨੂੰ ਦਰ ਕਿਨਾਰ ਕਰਕੇ ਓਪਰੀਆਂ ਧਰਤੀਆਂ ਤੇ ਆਪਣੀਆਂ ਪੈੜਾਂ ਛੱਡਣ ਜਾਣਦੇ ਨੇ। ਵੱਖਰੀ ਸ਼ਾਨ ਤੇ ਵੱਖਰੀ ਪਛਾਣ ਦਾ ਸਿੱਕਾ ਚਲਾਇਐ। ਟੀਸੀ ਦੇ ਬੇਰ ਤੱਕ ਪਹੁੰਚਣ ਦਾ ਤਹੱਈਆ ਰੱਖਦੇ ਨੇ.....ਪਰ ਘਰਾਂ ਨੂੰ ਛੱਡਣ ਦੀ ਚੀਸ ਮਨ ਵਿੱਚ ਹਮੇਸ਼ਾ ਵੱਸਦੀ ਐ। ਹਰਜੀਤ ਹਰਮਨ ਇਨ੍ਹਾਂ ਦੀ ਦੁਖਦੀ ਰੰਗ ਨੂੰ ਜਾਣਦੈ:

ਘਰ ਹੱਸਦਿਆਂ ਵੱਸਦਿਆਂ ਦੇ,<br>
ਜਦ ਹੱਥੀਂ ਬੂਹੇ ਢੋਏ<br>
ਸਾਡੇ ਦਿਲ ਤੋਂ ਪੁੱਛ ਸੱਜਣਾ,<br>
ਅਸੀਂ ਕਿਉਂ ਪਰਦੇਸੀ ਹੋਏ<br>
.....<br>
ਘਰ ਛੱਡਣੇ ਸੌਖੇ ਨਹੀਂ,<br>
ਜਿਨ੍ਹਾਂ ਨੂੰ ਛੱਡਣ ਵੇਲੇ ਰੋਏ...

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
STOP
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Call Romi Sidhu For Insurance & Financial Needs




StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
*HOME *DISABILTY *VEHICLE FINANCE
*AUTO *RRSP *CRITICAL ILLNESS
*LIFE *RESP *MUTUAL FUNDS
Romi Sidhu, Agent



ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC TIMELESS WINDOW COVERINGS

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀਆਂ ਸੀਨੀਅਰ ਮੁਟਿਆਰਾਂ ਨੇ ਰਵਾਇਤੀ ਫੁਲਕਾਰੀਆਂ ਨਾਲ ਸ਼ਗਨਾਂ ਦੇ ਗੀਤਾਂ ਦਾ ਪਿੜ ਬੰਨ੍ਹਿਆ







ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ 24 ਅਗਸਤ ਨੂੰ ਪੈਨਾਰੋਮਾ ਕਮਿਊਨਿਟੀ ਸੈਂਟਰ ਵਿਖੇ ਨਿਵੇਕਲੇ ਢੰਗ ਨਾਲ਼ ਮੀਟਿੰਗ ਹੋਈ। ਰਿਕਾਰਡ ਹੋਇਆ ਸ਼ਬਦ ਵਜਾ ਕੇ ਸ਼ੁਰੂਆਤ ਹੋਈ - ਲੱਖ ਖ਼ੁਸ਼ੀਆਂ ਪਾਤਿਸ਼ਾਹੀਆਂ ਜੇ ਸਤਿਗੁਰ ਨਦਰਿ ਕਰੇਇ। ਅਗਸਤ ਮਹੀਨੇ ਜਨਮ ਦਿਨ ਵਾਲ਼ੇ ਮੈਂਬਰਾਂ ਨੂੰ ਤਾੜੀਆਂ ਦੀ ਗੂੰਜ ਵਿਚ ਤੋਹਫ਼ੇ ਦੇ ਕੇ ਮੁਬਾਰਕਾਂ ਪਰੋਸੀਆਂ ਗਈਆਂ। ਕਾਰਵਾਈ ਚਲਾਉਂਦਿਆਂ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਕੈਨੇਡਾ, ਖਾਸ ਕਰ ਕੇ ਅਲਬਰਟਾ ਵਿਚ ਵਧ ਰਹੇ ਫ਼ਿਰਕੂ ਮਾਹੌਲ ਬਾਰੇ ਚਰਚਾ ਛੇੜੀ। ਇਸ ਬਾਰੇ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਵਿਸਥਾਰ ਵਿਚ ਸਾਰੇ ਪੱਖਾਂ ਨੂੰ ਸਾਹਮਣੇ ਲਿਆਂਦਾ। ਉਨ੍ਹਾਂ ਨੇ ਕੈਨੇਡਾ ਦੇ ਕਾਇਦੇ-ਕਾਨੂੰਨਾਂ ਅਤੇ ਰਹੁ-ਰੀਤਾਂ ਦਾ ਸਤਿਕਾਰ ਕਰਨ ਅਤੇ ਇਨ੍ਹਾਂ ਦਾ ਪੂਰੀ ਮੁਸਤੈਦੀ ਨਾਲ਼ ਪਾਲਣ ਕਰਨ ਦੀ ਸਲਾਹ ਦਿੱਤੀ। ਅਫ਼ਵਾਹਾਂ ਤੋਂ ਬਚਣ ਅਤੇ ਚੌਕਸ ਰਹਿਣ ਦੀ ਚਿਤਾਵਨੀ ਦਿੱਤੀ। ਕੁਝ ਅਨਸਰਾਂ ਵੱਲੋਂ ਕੀਤੇ ਜਾ ਰਹੀਆਂ ਗੈਰਸਮਾਜੀ ਅਤੇ ਗੈਰਕਾਨੂੰਨੀ ਕਾਰਵਾਈਆਂ ਖਿਲਾਫ਼ ਨਿਡਰਤਾ ਨਾਲ਼ ਆਵਾਜ਼ ਉਠਾਉਣ ਦੀ ਲੋੜ ਜਤਾਈ। ਦਰਸ਼ਨ ਧਾਲ਼ੀਵਾਲ਼ ਨੇ ਇਨ੍ਹਾਂ ਵਿਚਾਰਾਂ ਦੀ ਪੁਰਜ਼ੋਰ ਪ੍ਰੋੜ੍ਹਤਾ ਕੀਤੀ। ਹੋਰ ਮੈਂਬਰਾਂ ਨੇ ਵੀ ਸਥਿਤੀ ਦੀ ਗੰਭੀਰਤਾ ਬਾਰੇ ਚਿੰਤਾ ਜ਼ਾਹਿਰ ਕੀਤੀ ਅਤੇ ਭਾਈਚਾਰੇ ਦੇ ਅਕਸ ਨੂੰ ਸੁਧਾਰਨ ਦੀ ਗੱਲ ਕੀਤੀ। ਹਾਸਰਸ ਦੀ ਮਸ਼ਹੂਰ ਤਿੱਕੜੀ - ਤਰਲੋਕ ਚੁੱਘ, ਜੋਗਾ ਸਿੰਘ ਲਹਿਲ ਅਤੇ ਭਜਨ ਸਿੰਘ ਸਾਗੂ ਨੇ ਦਰਸ਼ਕਾਂ ਨੂੰ ਹਸਾ ਕੇ ਲੋਟ-ਪੋਟ ਕਰਨ ਦੀ ਕਸਰ ਕੱਢ ਦਿੱਤੀ। ਵਿਜੇ ਸਚਦੇਵਾ, ਸੁਖਮੰਦਰ ਗਿੱਲ ਅਤੇ ਬਿੱਕਰ ਸਿੰਘ ਸੰਧੂ ਦੇ ਗਾਏ ਗੀਤਾਂ ਨੇ ਮਾਹੌਲ ਨੂੰ ਸੰਗੀਤਕ ਰੰਗਣ ਵਿਚ ਬਦਲ ਦਿੱਤਾ। ਐਸੋਸੀਏਸ਼ਨ ਦੀ ਪ੍ਰਮੁੱਖ ਹਸਤੀ, ਸੁਖਵਿੰਦਰ ਕੌਰ (ਸੁੱਖੀ) ਕੁੰਡੂ ਦੀ ਧੀ ਹਰਿਤਾ ਦੇ ਵਿਆਹ ਦੀ ਖ਼ੁਸ਼ੀ ਇਸ ਮਾਹੌਲ ਨੂੰ ਹੋਰ ਵੀ ਰੰਗੀਨ ਕਰ ਗਈ ਜਦੋਂ ਰਿਸ਼ਤੇਦਾਰਾਂ ਅਤੇ ਐਸੋਸੀਏਸ਼ਨ ਦੀਆਂ ਸੀਨੀਅਰ ਮੁਟਿਆਰਾਂ ਨੇ ਰਵਾਇਤੀ ਫੁਲਕਾਰੀਆਂ ਲੈ ਕੇ ਸ਼ਗਨਾਂ ਦੇ ਗੀਤਾਂ ਦਾ ਪਿੜ ਬੰਨ੍ਹ ਦਿੱਤਾ। ਨਾਨਕਾ ਮੇਲ਼ ਬਣ ਕੇ ਆਈਆਂ ਮੇਲਣਾਂ ਨੇ ਵਿਆਹ ਦਾ ਮੁਕੰਮਲ ਮਾਹੌਲ ਸਿਰਜ ਦਿੱਤਾ। ਅਖੀਰ ਵਿਚ ਸੁਰਿੰਦਰਜੀਤ ਪਲਾਹਾ ਨੇ ਹਾਜ਼ਰੀਨ ਅਤੇ ਪੇਸ਼ਕਾਰਾਂ ਤੋਂ ਇਲਾਵਾ ਸੁੱਖੀ ਕੁੰਡੂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਉਸ ਨੂੰ ਸਮੁੱਚੀ ਐਸੋਸੀਏਸ਼ਨ ਵੱਲੋਂ ਹਰਿਤਾ ਦੇ ਵਿਆਹ ਦੀਆਂ ਵਧਾਈਆਂ ਦਿੱਤੀਆਂ। ਸੁੱਖੀ ਕੁੰਡੂ ਵੱਲੋਂ ਪਰੋਸੇ ਗਏ ਵਿਆਹ ਵਾਲ਼ੇ ਪਕਵਾਨ ਛਕਣ ਦਾ ਮਜ਼ਾ ਲਾ-ਜਵਾਬ ਸੀ। ਵਿਆਹ ਦੀ ਰੰਗਣ ਵਿਚ ਰੰਗੇ ਇਸ ਨਿਵੇਕਲੇ ਪ੍ਰੋਗਰਾਮ ਦੀ ਯਾਦ ਦੇਰ ਤਕ ਚੇਤਿਆਂ ਵਿੱਚ ਰਹੇਗੀ।






ਗੱਲ ਤਾਂ ਪਰਦੇ ਦੀ ਹੀ ਹੈ !

TWC
TIMELESS WINDOW COVERINGS

ਘਰ ਨਵਾਂ ਹੋਵੇ ਜਾਂ
ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ
ਦੀ ਬੇ-ਸ਼ੁਮਾਰ ਵਰਾਇਟੀ ਹੈ

ਕਾਲ: 403 953 1000

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ
ਆਕੇ ਹੀ ਤੁਹਾਨੂੰ ਡਿਜ਼ਾਈਨ
ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ।

E Mail: Contact@twcoverings.com
Web: www.twcoverings.com
Timelesswindowcoverings



# ਕੈਲਗਰੀ ਵਿੱਚ ਤਰਕਸ਼ੀਲ ਨਾਟਕ ਮੇਲੇ ਨੇ ਵਿਗਿਆਨਕ ਸੋਚ ਅਤੇ ਚੰਗੇ ਸਮਾਜ ਦੀ ਸਿਰਜਣਾ ਦਾ ਸੁਨੇਹਾ ਦਿੱਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਿਊ ਇੰਡੋ ਕੈਨੇਡੀਅਨ ਸੈਂਟਰ ਵਿੱਚ ਤਰਕਸ਼ੀਲ (ਰੇਸ਼ਨਲਿਸਟ) ਸੁਸਾਇਟੀ ਕੈਨੇਡਾ ਵੱਲੋਂ ਕਰਵਾਏ ਗਏ "ਤਰਕਸ਼ੀਲ ਨਾਟਕ ਮੇਲੇ" ਵਿੱਚ ਦਰਸ਼ਕਾਂ ਦੀ ਵੱਡੀ ਹਾਜ਼ਰੀ ਨੇ ਇਹ ਸਾਬਤ ਕੀਤਾ ਕਿ ਕੈਲਗਰੀ ਵਾਸੀ ਸਮਾਜਿਕ ਵਿਸ਼ਿਆਂ, ਪੰਜਾਬੀ ਰੰਗਮੰਚ ਅਤੇ ਤਰਕਸ਼ੀਲ ਵਿਚਾਰਾਂ ਨਾਲ ਜੁੜੇ ਪ੍ਰੋਗਰਾਮਾਂ ਵਿੱਚ ਦਿਲਚਸਪੀ ਰੱਖਦੇ ਹਨ। ਪ੍ਰੋਗਰਾਮ ਦੀ ਸ਼ੁਰੂਆਤ ਕੁੱਝ ਗੀਤਾਂ ਅਤੇ ਜਾਦੂ ਦਾ ਸ਼ੋਅ ਨਾਲ ਹੋਈ ਜਸ ਦਾ ਮਕਸਦ ਸ਼ਾਇਦ ਇਹ ਸਮਝਾਉਣਾ ਸੀ ਕਿ ਜਾਦੂ ਕੋਈ ਅਲੌਕਿਕ ਸ਼ਕਤੀ ਨਹੀਂ, ਸਗੋਂ ਹੱਥ ਦੀ ਸਫ਼ਾਈ, ਅਭਿਆਸ ਅਤੇ ਤਕਨੀਕ ਨਾਲ ਪੇਸ਼ ਕੀਤੀ ਜਾਣ ਵਾਲੀ ਇੱਕ ਕਲਾ ਹੈ।ਪਹਿਲਾ ਨਾਟਕ "ਤੇ ਦੇਵ ਪੁਰਸ਼ ਹਾਰ ਗਏ" ਵਿਸ਼ਾ ਅਤੇ ਸਮੱਗਰੀ ਪੱਖੋਂ ਪ੍ਰਭਾਵਸ਼ਾਲੀ ਸੀ। ਨਾਟਕ ਰਾਹੀਂ ਜੋਤਿਸ਼, ਅੰਧਵਿਸ਼ਵਾਸ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਬਿਨਾਂ ਸਬੂਤ ਦੇ ਦਾਅਵਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ। "ਦੋ ਰੋਟੀਆਂ" ਨਾਟਕ ਦੀ ਕਹਾਣੀ ਨੇ ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸੰਘਰਸ਼, ਮਜ਼ਦੂਰੀ ਦੀ ਲੁੱਟ, ਨਕਦ ਕੰਮ, ਮਕਾਨ ਮਾਲਕਾਂ ਨਾਲ ਜੁੜੀਆਂ ਸਮੱਸਿਆਵਾਂ, ਵਿਆਹ, ਪਰਵਾਸ, ਨਸ਼ਿਆਂ ਅਤੇ ਮਾਪਿਆਂ ਦੀ ਚਿੰਤਾ ਵਰਗੇ ਕਈ ਮੁੱਦਿਆਂ ਨੂੰ ਛੂਹਿਆ। ਲੜਕੀ ਦਾ ਕਿਰਦਾਰ ਨਿਭਾਉਣ ਵਾਲੀ ਕਲਾਕਾਰ ਦੀ ਅਦਾਕਾਰੀ ਵਿਸ਼ੇਸ਼ ਤੌਰ ਉੱਤੇ ਪ੍ਰਭਾਵਸ਼ਾਲੀ ਰਹੀ। ਉਸ ਦੇ ਹਾਵ-ਭਾਵ, ਸੰਵਾਦ ਅਤੇ ਭਾਵਨਾਤਮਕ ਪ੍ਰਗਟਾਵੇ ਨੇ ਕਹਾਣੀ ਦੇ ਪ੍ਰਵਾਹ ਨੂੰ ਕਾਇਮ ਰੱਖਿਆ। ਦੂਜੇ ਕਲਾਕਾਰਾਂ ਨੇ ਵੀ ਮਿਹਨਤ ਨਾਲ ਆਪਣੀਆਂ ਭੂਮਿਕਾਵਾਂ ਨਿਭਾਈਆਂ।ਪ੍ਰੋਗਰਾਮ ਦੇ ਆਰੰਭ ਵਿੱਚ ਆਵਾਜ਼ ਸਾਫ਼ ਸੀ, ਪਰ ਨਾਟਕ ਚੱਲਣ ਦੌਰਾਨ ਕਿਸੇ ਤਕਨੀਕੀ ਸਮੱਸਿਆ ਕਾਰਨ ਮਾਈਕ ਦੀ ਆਵਾਜ਼ ਕਈ ਵਾਰ ਸਪੱਸ਼ਟ ਨਹੀਂ ਆਈ। ਇਸ ਕਰਕੇ ਕੁਝ ਸੰਵਾਦ ਦਰਸ਼ਕਾਂ ਨੂੰ ਠੀਕ ਤਰ੍ਹਾਂ ਸੁਣਾਈ ਨਹੀਂ ਦਿੱਤੇ। ਇਸ ਨਾਟਕ ਮੇਲੇ ਨੂੰ ਸੰਭਵ ਬਣਾਉਣ ਵਾਲੇ ਲੇਖਕਾਂ, ਨਿਰਦੇਸ਼ਕਾਂ, ਕਲਾਕਾਰਾਂ, ਤਕਨੀਕੀ ਟੀਮ, ਪ੍ਰਬੰਧਕਾਂ ਅਤੇ ਵਲੰਟੀਅਰਾਂ ਨੂੰ ਦਿਲੋਂ ਵਧਾਈ ਦਿੱਤੀ ਜਾਣੀ ਚਾਹੀਦੀ ਹੈ। ਹਾਲ ਦਾ ਪੂਰੀ ਤਰ੍ਹਾਂ ਭਰਿਆ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਕੈਲਗਰੀ ਦੇ ਦਰਸ਼ਕ ਚੰਗੇ ਪੰਜਾਬੀ ਨਾਟਕ ਅਤੇ ਸਮਾਜਿਕ ਵਿਸ਼ਿਆਂ ਉੱਤੇ ਆਧਾਰਿਤ ਪ੍ਰੋਗਰਾਮ ਦੇਖਣਾ ਚਾਹੁੰਦੇ ਹਨ। ਤਰਕਸ਼ੀਲ ਨਾਟਕ ਮੇਲੇ ਨੂੰ ਸਫਲ ਬਣਾਉਣ ਵਾਲੀ ਪੂਰੀ ਟੀਮ ਵਧਾਈ ਅਤੇ ਭਵਿੱਖ ਲਈ ਸ਼ੁੱਭਕਾਮਨਾਵਾਂ ਦੀ ਹੱਕਦਾਰ ਹੈ।

# World Senior Citizens Day celebrations in Chestermere.



**Calgary (PAB)** World Senior Citizens Day was celebrated by Chestermere Punjabi Bazurg(Seniors) Society in Chestermere near South Shore on blue bridge on Friday, 21st August, 2026. President Janak Singh Khurmi explained that 21st August is celebrated to honour older adults, appreciate their life achievements and raise awareness about elder care and age-related issues. Joint Secretary Gurraj Singh Virk identified the senior most members of the society. Raghbir Singh Virk was senior most member born in 1943. Second senior most member was Gurmel Singh Gill who also born in 1943. Hardeep Singh Grewal born in 1944 was at third position. Society honoured all the three senior most members with a token of love. Treasurer Atma Singh Gill said that suggestions from the members are welcome, our Executive Committee will consider those in the monthly meetings. Secretary Gurmit Singh Gill thanked all the participants and seek their support and cooperation in future also. Fruits were distributed to all. Jagjit Singh Grewal, Tejinder Singh Dhanoa, Rajinder Singh Koonar, Rashpal Singh Gill, Gurmail Singh Sidhu, Tarlochan Singh Rai, Gurbhej Singh Jhand, Pritam Singh Grewal, Jagraj Singh Gill, Malkit Singh, Jaswant Singh, Amarjit Singh Toor, Nachhatter Singh, Amarjit Singh kalkat, Baldev Singh, Randhir Singh, Joginder Singh, Mohinder Singh, Surinder Singh Bala, Gurpal Singh Toor, Sukhdev Singh, Tejmal Singh, Jagrup Singh, Manvinder Singh, Ch. Khalid Jawandha, Sukhmander Singh, Kulwant Singh, Ashwant Singh, Shingara Singh, Swarn Singh and Harnek Rai were also present there.






# ਕਮਾਲ ਦੀ ਕੁਦਰਤ

## ਤਿੱਤਲੀ ਦੀ ਖ਼ੂਬਸੂਰਤ ਉਡਾਣ: ਜਨਮ ਤੋਂ ਪਰਵਾਜ਼ ਤੱਕ ਰੰਗਾਂ ਦੀ ਨਵੀਂ ਦੁਨੀਆ ਦਾ ਜਾਦੂਮਈ ਸਫ਼ਰ




**ਹਰਜਿੰਦਰ ਸਿੰਘ ਬਸਿਆਲਾ**

ਔਕਲੈਂਡ, 19 ਅਗਸਤ 2026:- ਕੁਦਰਤ ਨੇ ਆਪਣੇ ਆਗੋਸ਼ ਵਿੱਚ ਅਣਗਿਣਤ ਭੇਦ ਛੁਪਾਏ ਹੋਏ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਆਕਰਸ਼ਕ ਅਤੇ ਹੈਰਾਨੀਜਨਕ ਚਮਤਕਾਰ ਤਿੱਤਲੀ ਦਾ ਜਨਮ ਹੈ। ਹਵਾ ਵਿੱਚ ਹੌਲੇ-ਹੌਲੇ ਮੰਡਰਾਉਂਦੀ ਹੋਈ ਤਿੱਤਲੀ ਨੂੰ ਦੇਖ ਕੇ ਅਕਸਰ ਸਾਡੇ ਮਨ ਵਿੱਚ ਇਹ ਸਵਾਲ ਉੱਠਦਾ ਹੈ ਕਿ ਇਹ ਖ਼ੂਬਸੂਰਤ ਜੀਵ ਇਸ ਦੁਨੀਆ ਵਿੱਚ ਕਿਵੇਂ ਆਉਂਦਾ ਹੈ। ਇਹ ਸਫ਼ਰ ਕੇਵਲ ਇੱਕ ਜਨਮ ਨਹੀਂ, ਬਲਕਿ ਰੂਪਾਂਤਰਨ ਦਾ ਇੱਕ ਅਜਿਹਾ ਪੜਾਅ ਹੈ ਜੋ ਸਾਨੂੰ ਧੀਰਜ, ਸੰਘਰਸ਼ ਅਤੇ ਬਦਲਾਅ ਦੀ ਮਹੱਤਤਾ ਸਿਖਾਉਂਦਾ ਹੈ।

ਜੀਵ ਵਿਗਿਆਨ (Biology) ਦੀ ਭਾਸ਼ਾ ਵਿੱਚ ਇਸ ਪ੍ਰਕਿਰਿਆ ਨੂੰ ਮੈਟਾਮੋਰਫੋਸਿਸ (Metamorphosis) ਕਿਹਾ ਜਾਂਦਾ ਹੈ, ਜੋ ਚਾਰ ਮੁੱਖ ਪੜਾਵਾਂ ਵਿੱਚ ਪੂਰੀ ਹੁੰਦੀ ਹੈ:

1. ਪਹਿਲਾ ਪੜਾਅ: ਅੰਡਾ (The Egg)

ਤਿੱਤਲੀ ਦੇ ਜੀਵਨ ਦੀ ਸ਼ੁਰੂਆਤ ਇੱਕ ਬਹੁਤ ਹੀ ਛੋਟੇ, ਸੂਖਮ ਅੰਡੇ ਤੋਂ ਹੁੰਦੀ ਹੈ। ਮਾਦਾ ਤਿੱਤਲੀ ਬਹੁਤ ਸਮਝਦਾਰੀ ਨਾਲ ਆਪਣੇ ਅੰਡੇ ਕਿਸੇ ਖਾਸ ਪੌਦੇ ਦੇ ਪੱਤਿਆਂ ਦੇ ਹੇਠਲੇ ਹਿੱਸੇ ’ਤੇ ਚਿਪਕਾਉਂਦੀ ਹੈ, ਤਾਂ ਜੋ ਆਉਣ ਵਾਲੇ ਬੱਚੇ ਨੂੰ ਤੁਰੰਤ ਭੋਜਨ ਮਿਲ ਸਕੇ। ਇਹ ਅੰਡੇ ਅਕਸਰ ਗੋਲ ਜਾਂ ਅੰਡਾਕਾਰ ਹੁੰਦੇ ਹਨ।

2. ਦੂਜਾ ਪੜਾਅ: ਸੁੰਡੀ ਜਾਂ ਕੈਟਰਪਿਲਰ (The Caterpillar / Larva)

ਕੁੱਝ ਦਿਨਾਂ ਬਾਅਦ ਅੰਡੇ ਵਿੱਚੋਂ ਇੱਕ ਛੋਟਾ ਜਿਹਾ ਕੀੜਾ ਨਿਕਲਦਾ ਹੈ ਜਿਸਨੂੰ ‘ਕੈਟਰਪਿਲਰ’ (Caterpillar) ਜਾਂ ਸੁੰਡੀ ਕਿਹਾ ਜਾਂਦਾ ਹੈ। ਇਸ ਪੜਾਅ ਦਾ ਮੁੱਖ ਮਕਸਦ ਸਿਰਫ਼ ਅਤੇ ਸਿਰਫ਼ ਖਾਣਾ ਖਾਣਾ ਹੁੰਦਾ ਹੈ। ਬਾਹਰ ਆਉਂਦੇ ਹੀ ਇਹ ਪੱਤੇ ਖਾਣੇ ਸ਼ੁਰੂ ਕਰ ਦਿੰਦੀ ਹੈ ਅਤੇ ਬਹੁਤ ਤੇਜ਼ੀ ਨਾਲ ਵੱਡੀ ਹੁੰਦੀ ਹੈ।

ਮੋਲਟਿੰਗ (Molting): ਜਿਵੇਂ-ਜਿਵੇਂ ਸੁੰਡੀ ਦਾ ਆਕਾਰ ਵਧਦਾ ਹੈ, ਉਸ ਦੀ ਪੁਰਾਣੀ ਚਮੜੀ ਛੋਟੀ ਪੈ ਜਾਂਦੀ ਹੈ। ਇਸ ਲਈ ਇਹ ਆਪਣੇ ਜੀਵਨ ਵਿੱਚ 4 ਤੋਂ 5 ਵਾਰ ਆਪਣੀ ਪੁਰਾਣੀ ਚਮੜੀ ਉਤਾਰਦੀ ਹੈ ਅਤੇ ਨਵੀਂ ਚਮੜੀ ਧਾਰਨ ਕਰਦੀ ਹੈ।

3. ਤੀਜਾ ਪੜਾਅ: ਪਿਊਪਾ ਜਾਂ ਕ੍ਰਿਸਾਲਿਸ (The Pupa / Chrysalis)

ਜਦੋਂ ਸੁੰਡੀ ਪੂਰੀ ਤਰ੍ਹਾਂ ਵੱਡੀ ਹੋ ਜਾਂਦੀ ਹੈ, ਤਾਂ ਉਹ ਖਾਣਾ ਬੰਦ ਕਰ ਦਿੰਦੀ ਹੈ ਅਤੇ ਆਪਣੇ ਆਲੇ-ਦੁਆਲੇ ਇੱਕ ਮਜ਼ਬੂਤ ਕੋਸ਼ (Shell) ਬਣਾ ਲੈਂਦੀ ਹੈ, ਜਿਸਨੂੰ ‘ਪਿਊਪਾ’ (Pupa) ਜਾਂ ‘ਕ੍ਰਿਸਾਲਿਸ’ (Chrysalis) ਕਿਹਾ ਜਾਂਦਾ ਹੈ।

ਬਾਹਰੋਂ ਸ਼ਾਂਤ ਅਤੇ ਨਿਸ਼ਚਲ ਦਿਸਣ ਵਾਲੇ ਇਸ ਕੋਸ਼ ਦੇ ਅੰਦਰ ਇੱਕ ਬਹੁਤ ਵੱਡਾ ਚਮਤਕਾਰ ਵਾਪਰ ਰਿਹਾ ਹੁੰਦਾ ਹੈ। ਇਸ ਦੇ ਅੰਦਰ ਸੁੰਡੀ ਦੇ ਪੁਰਾਣੇ ਅੰਗ ਖਤਮ ਹੋ ਕੇ ਤਿੱਤਲੀ ਦੇ ਖ਼ੂਬਸੂਰਤ ਅੰਗਾਂ—ਜਿਵੇਂ ਕਿ ਰੰਗ-ਬਿਰੰਗੇ ਖੰਭ, ਲੱਤਾਂ ਅਤੇ ਅੱਖਾਂ—ਵਿੱਚ ਬਦਲਣ ਲੱਗਦੇ ਹਨ।

4. ਚੌਥਾ ਪੜਾਅ: ਪੂਰਨ ਤਿੱਤਲੀ (The Adult Butterfly)

ਕੁੱਝ ਹਫ਼ਤਿਆਂ ਦੇ ਲਗਾਤਾਰ ਬਦਲਾਅ ਤੋਂ ਬਾਅਦ, ਪਿਊਪਾ ਦਾ ਕਵਚ ਪਾਟ ਜਾਂਦਾ ਹੈ ਅਤੇ ਉਸ ਵਿੱਚੋਂ ਇੱਕ ਕੋਮਲ, ਗਿੱਲੇ ਅਤੇ ਸਮੇਟੇ ਹੋਏ ਖੰਭਾਂ ਵਾਲੀ ਤਿੱਤਲੀ ਬਾਹਰ ਆਉਂਦੀ ਹੈ।

ਸ਼ੁਰੂਆਤ ਵਿੱਚ ਤਿੱਤਲੀ ਉੱਡ ਨਹੀਂ ਸਕਦੀ। ਇਹ ਕੁੱਝ ਸਮਾਂ ਸ਼ਾਂਤ ਬੈਠ ਕੇ ਆਪਣੇ ਖੰਭਾਂ ਵਿੱਚ ਖ਼ੂਨ ਦਾ ਪ੍ਰਵਾਹ ਵਧਾਉਂਦੀ ਹੈ ਅਤੇ ਧੁੱਪ ਵਿੱਚ ਆਪਣੇ ਖੰਭ ਸੁਕਾਉਂਦੀ ਹੈ। ਜਿਵੇਂ ਹੀ ਖੰਭ ਮਜ਼ਬੂਤ ਅਤੇ ਸੁੱਕ ਜਾਂਦੇ ਹਨ, ਇਹ ਰੰਗ-ਬਿਰੰਗੀ ਤਿੱਤਲੀ ਨੀਲੇ ਆਕਾਸ਼ ਵਿੱਚ ਉੱਡਣ ਲਈ ਪੂਰੀ ਤਰ੍ਹਾਂ ਤਿਆਰ ਹੋ ਜਾਂਦੀ ਹੈ।

**ਜ਼ਿੰਦਗੀ ਲਈ ਇੱਕ ਅਨਮੋਲ ਸੁਨੇਹਾ**

ਤਿੱਤਲੀ ਦਾ ਇਹ ਖ਼ੂਬਸੂਰਤ ਸਫ਼ਰ ਸਾਨੂੰ ਇਹ ਸਿਖਾਉਂਦਾ ਹੈ ਕਿ ਖ਼ੂਬਸੂਰਤੀ ਅਤੇ ਸਫ਼ਲਤਾ ਰਾਤੋ-ਰਾਤ ਨਹੀਂ ਮਿਲਦੀ। ਇੱਕ ਬਦਸੂਰਤ ਦਿਸਣ ਵਾਲੀ ਸੁੰਡੀ ਜਦੋਂ ਹਨੇਰੇ ਕੋਸ਼ (Chrysalis) ਵਿੱਚ ਧੀਰਜ ਨਾਲ ਸੰਘਰਸ਼ ਕਰਦੀ ਹੈ, ਤਾਂ ਹੀ ਉਹ ਖੰਭ ਪ੍ਰਾਪਤ ਕਰ ਸਕਦੀ ਹੈ। ਇਹ ਸਫ਼ਰ ਸਾਨੂੰ ਦੱਸਦਾ ਹੈ ਕਿ ਮੁਸ਼ਕਲ ਸਮਾਂ ਅਤੇ ਬਦਲਾਅ ਹੀ ਸਾਡੇ ਜੀਵਨ ਵਿੱਚ ਨਵੇਂ ਰੰਗ ਭਰਦੇ ਹਨ।

# ਅਸਲੀ ਦਸਵੰਧ

ਚਾਰ-ਚੁਫੇਰੇ ਘੋਰ ਚੁੱਪ ਪਸਰੀ ਹੋਈ ਸੀ। ਇੰਜ ਲੱਗਦਾ ਸੀ ਜਿਵੇਂ ਸੜਕਾਂ ਵੀ ਖੜ੍ਹ ਗਈਆਂ ਹੋਣ। ਸੜਕਾਂ ਆਪ ਥੋੜ੍ਹਾ ਤੁਰਦੀਆਂ ਹਨ; ਇਨ੍ਹਾਂ ਉੱਤੇ ਬੱਸਾਂ, ਟਰੱਕ, ਕਾਰਾਂ, ਸਾਈਕਲ ਅਤੇ ਮਨੁੱਖ ਤੁਰਦੇ ਹਨ। ਅੱਜ ਸਭ ਕੁਝ ਠਹਿਰਿਆ ਹੋਇਆ ਸੀ। ਪੰਛੀਆਂ ਦੀ ਚਹਿਚਹਾਟ ਸਾਫ਼ ਸੁਣਾਈ ਦੇ ਰਹੀ ਸੀ। ਆਸਮਾਨ ਦੁੱਧ ਵਾਂਗ ਚਿੱਟਾ ਹੋ ਗਿਆ ਸੀ ਅਤੇ ਹਰ ਪਾਸੇ ਸਾਫ਼-ਸਾਫ਼ ਦਿਖਾਈ ਦੇ ਰਿਹਾ ਸੀ। ਪੰਛੀ ਦਰੱਖਤਾਂ ਦੀਆਂ ਟਾਹਣੀਆਂ ਅਤੇ ਘਰਾਂ ਦੇ ਬਨੇਰਿਆਂ ਉੱਤੇ ਮਟਰਗਸ਼ਤੀ ਕਰ ਰਹੇ ਸਨ। ਦਰੱਖਤ ਹਵਾ ਨਾਲ ਝੂਮ ਰਹੇ ਸਨ ਤੇ ਪੱਤੀਆਂ ਇਉਂ ਨੱਚ ਰਹੀਆਂ ਸਨ, ਜਿਵੇਂ ਉਨ੍ਹਾਂ ਨੂੰ ਮਨੁੱਖੀ ਭੀੜ-ਭੜੱਕੇ ਤੋਂ ਮੁਕਤੀ ਮਿਲ ਗਈ ਹੋਵੇ।

ਕਰੋਨਾ ਦਾ ਦੌਰ ਸਿਖਰ ਉੱਤੇ ਸੀ। ਮਨੁੱਖੀ ਆਵਾਜਾਈ ਉੱਤੇ ਲਗਭਗ ਪੂਰਨ ਰੋਕ ਸੀ। ਲੋਕ ਆਪਣੇ-ਆਪਣੇ ਘਰਾਂ ਵਿੱਚ ਤਾੜੇ ਹੋਏ ਸਨ। ਸੜਕਾਂ ਉੱਤੇ ਕਦੇ-ਕਦਾਈਂ ਕੋਈ ਮੋਟਰਸਾਈਕਲ ਜਾਂ ਕਾਰ ਦਿਖਾਈ ਦਿੰਦੀ, ਉਹ ਵੀ ਕਿਸੇ ਜ਼ਰੂਰੀ ਸਰਕਾਰੀ ਜਾਂ ਦਫ਼ਤਰੀ ਕੰਮ ਵਾਲੇ ਦੀ।

ਇਸੇ ਸੁੰਨਸਾਨ ਸੜਕ ਉੱਤੇ ਮੈਂ ਆਪਣੀ ਕਾਰ ਤੇ ਜਾ ਰਿਹਾ ਸੀ। ਅਚਾਨਕ ਕਾਰ ਦੇ ਬਰੇਕ ਲੱਗੇ। ਸ਼ੀਸ਼ੇ ਉੱਤੇ ਟੱਕ-ਟੱਕ ਹੋਈ। ਮੇਰੀ ਸੁਰਤੀ ਟੁੱਟੀ। ਕਾਰ ਦੇ ਬਾਹਰ ਖਾਕੀ ਵਰਦੀ ਪਾਈ ਇੱਕ ਮੁਟਿਆਰ ਖੜ੍ਹੀ ਸੀ।

ਕਿੱਧਰ ਚੱਲੇ ਹੋ ? ਪਾਸ ਦਿਖਾਓ।

ਮੈਂ ਪਾਸ ਦਿਖਾਉਂਦਿਆਂ ਕਿਹਾ,

ਮੇਰੀ ਪਤਨੀ ਦਫ਼ਤਰ ਵਿੱਚ ਨੌਕਰੀ ਕਰਦੀ ਹੈ। ਉਸ ਨੂੰ ਛੱਡਣ ਜਾ ਰਿਹਾ ਹਾਂ।

ਅਚਾਨਕ ਉਸ ਕੁੜੀ ਦੀਆਂ ਅੱਖਾਂ ਵਿੱਚ ਪਛਾਣ ਕਰਕੇ ਚਮਕ ਆਈ। ਉਹ ਉੱਚੀ ਆਵਾਜ਼ ਵਿੱਚ ਬੋਲੀ,

ਸਰ ! ਤੁਸੀਂ ?

ਇਹ ਦੋ ਸ਼ਬਦ ਮੇਰੇ ਕੰਨਾਂ ਵਿੱਚ ਪਏ ਤਾਂ ਮੇਰੀ ਸੁਰਤੀ ਪੰਦਰਾਂ ਸਾਲ ਪਿੱਛੇ, ਆਪਣੇ ਪੁਰਾਣੇ ਸਕੂਲ ਵਿੱਚ ਜਾ ਪਹੁੰਚੀ।

ਮੈਂ ਸਟਾਫ਼ ਰੂਮ ਵਿੱਚ ਸੋਫ਼ੇ ਉੱਤੇ ਬੈਠਾ ਸੀ। ਇੱਕ ਬਿਰਧ ਮਾਈ, ਜਿਸ ਦੇ ਹੱਥ ਵਿੱਚ ਬੂਟੀਆਂ ਵਾਲਾ ਝੋਲਾ ਸੀ, ਦਫ਼ਤਰ ਵਿੱਚ ਆਈ। ਉਸ ਦੇ ਚਿਹਰੇ ਉੱਤੇ ਥਕਾਵਟ, ਗਰੀਬੀ ਅਤੇ ਉਮੀਦ ਦੀ ਝਲਕ ਸਾਫ ਦਿਖਾਈ ਦੇ ਰਹੀ ਸੀ।

ਭਾਈ ! ਮੈਂ ਤੈਨੂੰ ਮਿਲਣਾ।

ਦੱਸੋ ਮਾਤਾ ਜੀ ।

ਮਾਤਾ ਨੇ ਆਪਣੀ ਗੱਲ ਸ਼ੁਰੂ ਕੀਤੀ ,

ਪੁੱਤ, ਮੇਰੀ ਕੁੜੀ ਨੌਵੀਂ ਜਮਾਤ ਵਿੱਚੋਂ ਫੇਲ੍ਹ ਹੋ ਗਈ। ਘਰ ਵਿੱਚ ਬਹੁਤ ਗਰੀਬੀ ਹੈ। ਕੁੜੀ ਦਾ ਪਿਓ ਵੀ ਸਿਰ ਉੱਤੇ ਨਹੀਂ। ਕਿਸੇ ਨੇ ਦੱਸਿਆ ਕਿ ਤੂੰ ਸਾਡਾ ਮਸਲਾ ਹੱਲ ਕਰੇਗਾ । ਮੈਂ ਸਿੱਧੀ ਤੇਰੇ ਕੋਲ ਆ ਗਈ , ਪੁੱਤ।

ਮੈਂ ਹਮਦਰਦੀ ਨਾਲ ਪੁੱਛਿਆ,

ਮਾਤਾ ਜੀ, ਹੁਣ ਤੁਸੀਂ ਕੀ ਕਰਵਾਉਣਾ ਚਾਹੁੰਦੇ ਹੋ ?

ਪੁੱਤ, ਕੁੜੀ ਨੂੰ ਪੜ੍ਹਾਉਣਾ ਹੈ। ਉਹਦੀ ਪੜ੍ਹਾਈ ਨਾ ਰੁਕੇ ।

ਮੈਂ ਸਮਝਾਇਆ,

ਮਾਤਾ ਜੀ, ਰੈਗੂਲਰ ਤੌਰ ’ਤੇ ਹੁਣ ਉਹ ਦਸਵੀਂ ਨਹੀਂ ਕਰ ਸਕਦੀ। ਹਾਂ, ਓਪਨ ਸਕੂਲ ਰਾਹੀਂ ਦਸਵੀਂ ਕਰ ਸਕਦੀ ਹੈ। ਉਸ ਤੋਂ ਬਾਅਦ ਇਸੇ ਸਕੂਲ ਵਿੱਚ ਗਿਆਰ੍ਹਵੀਂ ਤੇ ਬਾਰ੍ਹਵੀਂ ਵੀ ਕਰ ਸਕਦੀ ਹੈ। ਪਰ ਇਸ ਦੀ ਫੀਸ ਲਗਭਗ ਪੈਂਤੀ ਸੌ ਰੁਪਏ ਹੈ।

ਮਾਤਾ ਕੁਝ ਪਲ ਚੁੱਪ ਰਹੀ। ਫਿਰ ਆਪਣੇ ਝੋਲੇ ਵਿੱਚ ਹੱਥ ਪਾ ਕੇ ਬੋਲੀ,

ਪੁੱਤ, ਮੇਰੇ ਕੋਲ ਤਾਂ ਸੱਤ ਸੌ ਰੁਪਏ ਹੀ ਨੇ।

ਮੈਂ ਕੁਝ ਪਲ ਸੋਚਿਆ।ਮੈਨੂੰ ਮਹਿਸੂਸ ਹੋਇਆ ਕਿ ਇਹ ਸਿਰਫ਼ ਇੱਕ ਬੱਚੀ ਦਾ ਦਾਖਲਾ ਨਹੀਂ, ਸਗੋਂ ਇੱਕ ਘਰ ਦੇ ਭਵਿੱਖ ਨੂੰ ਬਚਾਉਣ ਦਾ ਮੌਕਾ ਹੈ। ਮੈਂ ਮਨ ਹੀ ਮਨ ਸੋਚਿਆ ਇਹੀ ਤਾਂ ਦਸਵੰਧ ਕੱਢਣ ਦਾ ਅਸਲੀ ਸਮਾਂ ਹੈ।

ਮੈਂ ਕੁੜੀ ਦੇ ਸਾਰੇ ਸਰਟੀਫਿਕੇਟ ਲਏ ਅਤੇ ਮਾਤਾ ਨੂੰ ਆਖਿਆ,

ਮਾਤਾ ਜੀ, ਬੇਟੀ ਦਾ ਦਾਖਲਾ ਹੋ ਗਿਆ ਸਮਝੋ।

ਮਾਤਾ ਦੀਆਂ ਅੱਖਾਂ ਵਿੱਚ ਉਮੀਦ ਦੀ ਚਮਕਾ ਆ ਗਈ। ਪਰ ਉਸ ਦੀ ਚਿੰਤਾ ਹਾਲੇ ਮੁੱਕੀ ਨਹੀਂ ਸੀ।

ਪੁੱਤ, ਕੁੜੀ ਪੜ੍ਹੂ ਕਿਵੇਂ ? ਮੇਰੇ ਕੋਲ ਤਾਂ ਇਸ ਨੂੰ ਟਿਊਸ਼ਨ ਤੇ ਪੜਾਉਣ ਦੀ ਵੀ ਗੁੰਜਾਇਸ਼ ਨਹੀਂ।

ਮੈਂ ਮੁਸਕਰਾ ਕੇ ਕਿਹਾ,

ਮਾਤਾ ਜੀ, ਇਸ ਦੀ ਚਿੰਤਾ ਨਾ ਕਰੋ। ਇਹ ਦਸਵੀਂ ਜਮਾਤ ਵਿੱਚ ਰੈਗੂਲਰ ਵਿਦਿਆਰਥੀਆਂ ਨਾਲ ਬੈਠ ਕੇ ਪੜ੍ਹ ਸਕਦੀ ਹੈ। ਜਿੰਨੀ ਮੇਰੇ ਕੋਲੋਂ ਮਦਦ ਹੋ ਸਕੀ, ਮੈਂ ਕਰਾਂਗਾ।

ਮਾਤਾ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ। ਉਸ ਨੇ ਦੋਵੇਂ ਹੱਥ ਜੋੜ ਕੇ ਕਿਹਾ,

ਪੁੱਤ ਜਿਉਂਦਾ ਰਹਿ। ਰੱਬ ਤੈਨੂੰ ਬਹੁਤਾ ਦੇਵੇ। ਤੂੰ ਪਿਓ ਵਾਰੀ ਨੂੰ ਸਹਾਰਾ ਦੇ ਕੇ ਬਹੁਤ ਵੱਡਾ ਪੁੰਨ ਦਾ ਕੰਮ ਕੀਤਾ ਹੈ। ਉਹ ਅਸੀਸਾਂ ਦਿੰਦਿਆਂ-ਦਿੰਦਿਆਂ ਚਲੀ ਗਈ।

ਸਮਾਂ ਆਪਣੀ ਚਾਲ ਚੱਲਦਾ ਰਿਹਾ।

ਉਹ ਕੁੜੀ ਦਸਵੀਂ ਓਪਨ ਰਾਹੀਂ ਪਾਸ ਕਰ ਗਈ। ਫਿਰ ਉਸੇ ਸਕੂਲ ਵਿੱਚ ਗਿਆਰ੍ਹਵੀਂ ਅਤੇ ਬਾਰ੍ਹਵੀਂ ਵੀ ਪਾਸ ਕਰ ਗਈ। ਮੇਰੀ ਬਦਲੀ ਨਾਲ ਦੇ ਸਕੂਲ ਵਿੱਚ ਹੋ ਗਈ ਅਤੇ ਜ਼ਿੰਦਗੀ ਆਪਣੀ ਰਫ਼ਤਾਰ ਨਾਲ ਅੱਗੇ ਵਧਦੀ ਗਈ।

ਅੱਜ ਪੰਦਰਾਂ ਸਾਲ ਬਾਅਦ ਉਹੀ ਕੁੜੀ ਪੁਲਿਸ ਦੀ ਵਰਦੀ ਪਾਈ ਮੇਰੀ ਕਾਰ ਦੇ ਸ਼ੀਸ਼ੇ ਕੋਲ ਖੜ੍ਹੀ ਸੀ।ਮੇਰੀਆਂ ਅੱਖਾਂ ਸਾਹਮਣੇ ਉਹ ਬਿਰਧ ਮਾਤਾ ਆ ਖੜ੍ਹੀ ਹੋਈ । ਉਸ ਦੇ ਹੱਥ ਵਿੱਚ ਬੂਟੀਆਂ ਵਾਲਾ ਝੋਲਾ, ਚਿਹਰੇ ਉੱਤੇ ਲਾਚਾਰੀ, ਬੋਲਾਂ ਵਿੱਚ ਮਿੰਨਤਾਂ ਤੇ ਤਰਲੇ ਅਤੇ ਫਿਰ ਅਸੀਸਾਂ ਦਾ ਉਹ ਅਥਾਹ ਭੰਡਾਰ।ਅੱਜ ਮੈਨੂੰ ਅਹਿਸਾਸ ਹੋ ਰਿਹਾ ਸੀ ਕਿ ਨੇਕ ਕੰਮ ਕਦੇ ਵਿਅਰਥ ਨਹੀਂ ਜਾਂਦਾ। ਮੈਂ ਜੋ ਦਸਵੰਧ ਕੱਢਿਆ ਸੀ, ਉਹ ਸਹੀ ਥਾਂ ਉੱਤੇ ਲੱਗ ਚੁੱਕਾ ਸੀ।ਮੈਂ ਕਿਸੇ ਨੂੰ ਸਿਰਫ਼ ਪੈਸੇ ਨਹੀਂ ਦਿੱਤੇ ਸਨ । ਮੈਂ ਉਸਦੇ ਸੁਪਨਿਆਂ ਨੂੰ ਰਾਹ ਦਿੱਤਾ ਸੀ ਅਤੇ ਉਸ ਦੇ ਚੰਗੇ ਭਵਿੱਖ ਲਈ ਇੱਕ ਦਰਵਾਜ਼ਾ ਖੋਲ੍ਹਿਆ ਸੀ।ਮੈਂ ਪੁਲਿਸ ਦੀ ਵਰਦੀ ਵਿੱਚ ਖੜ੍ਹੀ ਕੁੜੀ ਵੱਲ ਵੇਖਦਾ ਰਿਹਾ। ਮੇਰੇ ਚਿਹਰੇ ਉੱਤੇ ਮਾਣ ਦੀ ਹਲਕੀ ਮੁਸਕਾਨ ਆ ਗਈ। ਦਿਲ ਵਿੱਚ ਇੱਕ ਅਜੀਬ ਜਿਹਾ ਸਕੂਨ ਉਤਰ ਆਇਆ ।ਮੈਂ ਮਹਿਸੂਸ ਕੀਤਾ ਕਿ ਨੇਕੀ ਦਾ ਕੀਤਾ ਦਸਵੰਧ ਕਦੇ ਖਤਮ ਨਹੀਂ ਹੁੰਦਾ। ਇਹ ਕਿਸੇ ਨਾ ਕਿਸੇ ਰੂਪ ਵਿੱਚ ਮੁੜ ਕੇ ਅਸੀਸ ਬਣ ਜਾਂਦਾ ਹੈ। ਅਸਲੀ ਦਸਵੰਧ ਕੱਢਣ ਕਰਕੇ ਸਕੂਨ ਦਾ ਬੁੱਲਾ ਮੇਰੇ ਮਨ ਦੀ ਤਹਿ ਦੇ ਨਾਲ - ਨਾਲ ਦੀ ਖਹਿ ਲੰਘ ਰਿਹਾ ਸੀ।

**ਪਿਆਰਾ ਸਿੰਘ ਗੁਰਨੇ ਕਲਾਂ**
**ਮੋਬਾਇਲ** 99 156 21188

## ਜੇਹਾਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀਜਾਹਿ ॥੧॥




ਸਤਿਕਾਰਯੋਗ ਸਰਦਾਰ ਸੋਹਣ ਸਿੰਘ ਮਠਾੜੂ ਜੋ ਕਿ ਮਿਤੀ 29 ਅਗਸਤ 2026 ਨੂੰ ਪ੍ਰਮਾਤਮਾ ਵੱਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਭੋਗ ਕੇ ਸਤਿਗੁਰੂ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ । ਉਹਨਾਂ ਦੇ ਨਮਿਤ ਭੋਗ ਸ੍ਰੀ ਸਹਿਜ ਪਾਠ ਸਾਹਿਬ ਮਿਤੀ 08 ਸਤੰਬਰ 2026ਦਿਨ ਮੰਗਲਵਾਰ ਸ਼ਾਮ 02 ਵਜੇ ਪਾਏ ਜਾਣਗੇ । ਉਪਰੰਤ ਕਥਾ/ ਕੀਰਤਨਦਾ ਪ੍ਰਵਾਹ ਚੱਲੇਗਾ । ਸਰਦਾਰ ਸੋਹਣ ਸਿੰਘਮਠਾੜੂ ਜੀ ਨੇ ਲੰਮਾ ਸਮਾਂ ਗੁਰਦੁਆਰਾ ਸਿੱਖ ਸੋਸਾਇਟੀ ਰਿਜਾਇਨਾ ਦੀ ਸੇਵਾ ਕੀਤੀ ।ਗੁਰਦੁਆਰਾ ਸਾਹਿਬ ਜੀ ਦੇ ਸਮੂਹ ਸੇਵਾਦਾਰਾਂ ਵਲੋਂ ਉਹਨਾਂ ਨੂੰ ਸਰਧਾਂਜਲੀ ਭੇਂਟ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਸੇਵਾ ਨੂੰ ਹਮੇਸ਼ਾ ਯਾਦ ਰੱਖਦੇ ਹੋਏ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ ।ਸਮੂਹ ਪ੍ਰਬੰਧਕ ਕਮੇਟੀ ਵੱਲੋਂ ਅਰਦਾਸ ਹੈ ਕਿ ਅਕਾਲ ਪੁਰਖ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣ।

**ਵਾਹਿਗੁਰੂ ਜੀ ਕਾ ਖਾਲਸਾ ॥**
**ਵਾਹਿਗੁਰੂ ਜੀ ਕੀ ਫਤਹਿ ॥**

# ਜਦੋਂ ਰੀਜਾਇਨਾਂ ਦੇ ਬਾਬਿਆਂ ਨੇ ਗਾਗੋਵਾਲ ਆਲੇ ਸਰਪੰਚ ਦੇ ਘਰ ਰੌਣਕਾਂ ਲਗਾਈਆਂ











ਨੌਰਥ ਮੈਨ ਰੀਜਾਈਨਾ ਵਿੱਚ ਕੈਪਟਨ ਵੱਲੋਂ ਗਰੁੱਪ ਨੂੰ ਕੀਤੀ ਗਈ ਪਾਰਟੀ ਅਜੇ ਖਤਮ ਹੀ ਹੋਈ ਸੀ ਕਿ ਕਰਨੈਲ ਸਿੰਘ ਜਿਸ ਨੂੰ ਪਿਆਰ ਨਾਲ ਸਾਰਾ ਗਰੁੱਪ ਸਰਪੰਚ ਹੀ ਕਹਿੰਦਾ ਹੈ, ਹੱਥ ਜੋੜ ਕੇ ਖੜਾ ਹੋ ਗਿਆ ਕਿ ਮੇਰੇ ਘਰ ਰੱਬ ਨੇ ਪੋਤਰੇ ਨੇ ਦਾਤ ਬਖਸ਼ੀ ਹੈ ਅਤੇ ਅਗਲੀ ਵਾਰੀ ਪਾਰਟੀ ਕਰਨ ਦਾ ਮੈਨੂੰ ਮੌਕਾ ਦਿੱਤਾ ਜਾਵੇ। ਹੱਥ ਮੈ ਤਾਂ ਬੰਨੇ ਹਨ ਕਿ ਸਭ ਗਰੁੱਪ ਮੈਂਬਰਾਂ ਨੇ ਆਪਣੀਆਂ ਆਪਣੀਆਂ ਧਰਮ ਪਤਨੀਆਂ ਵੀ ਨਾਲ ਲੈ ਕੇ ਆਉਣੀਆਂ ਹਨ ਜਦੋਂ ਧਰਮ ਪਤਨੀ ਦੀ ਗੱਲ ਆਈ ਤਾਂ ਸਾਰੇ ਜਣਿਆਂ ਵਿੱਚ ਘੁਸਰ ਮੁਸਰ ਜਿਹੀ ਹੋਣ ਲੱਗ ਪਈ ਤਾਂ ਮੈਂ ਤੰਗ ਜਿਹਾ ਹੋ ਕੇ ਕਿਹਾ ਕਿ ਘੁਸਰ ਮੁਸਰ ਕਿਉਂ ਕਰਦੇ ਹੋ? ਖੁੱਲ ਕੇ ਗੱਲ ਦੱਸੋ ਤਾਂ ਪੁਰਾਣਾ ਪ੍ਰਧਾਨ ਜਿਸ ਨੂੰ ਬਰੀਕ ਜਿਹੀ ਚੂੰਢੀ ਵੱਢਣ ਦੀ ਵੀ ਆਦਤ ਹੈ, ਕਹਿਣ ਲੱਗਾ ਯਾਰ ਧਰਮ ਪਤਨੀਆਂ ਤੋਂ ਮਸਾ ਜਾਨ ਛਡਵਾ ਕੇ ਤਾਂ ਇੱਥੇ ਆਉਂਦੇ ਹਾਂ ਫਿਰ ਉਹੀ ਪੰਗਾ ਛੇੜਨ ਲੱਗੇ ਹੋ ! ਨਾਲ ਦੀ ਨਾਲ ਰਿਟਾਇਰਡ ਹੈਡਮਾਸਟਰ ਜਿਸ ਨੂੰ ਪਿਆਰ ਨਾਲ ਪ੍ਰਾਹੁਣਾ ਕਹਿ ਕੇ ਵੀ ਬੁਲਾਈ ਦਾ ਹੈ ਨੇ ਵੀ ਸਾਬਕਾ ਪ੍ਰਧਾਨ ਦੀ ਹਾਂ ਵਿੱਚ ਹਾਂ ਮਿਲਾ ਦਿੱਤੀ । ਫੈਸਲਾ ਹੋਇਆ ਕਿ ਵੋਟਾਂ ਪਵਾ ਲਵੋ। ਸਾਡੀਆਂ ਵੋਟਾਂ ਪੰਜ ਸਾਬਕਾ ਪ੍ਰਧਾਨ ਦੀਆਂ ਵੋਟਾਂ 15 ਪਰ ਮੈਂ ਕਿੱਥੇ ਹਾਰ ਮੰਨਣ ਵਾਲਾ ਸੀ ਮੈਂ ਤਾਂ ਸਰਪੰਚ ਦੇ ਨਾਲ ਹੀ ਖੜਾ ਸੀ। ਆਖਿਰ ਗੱਲ ਇੱਥੇ ਨਿਬੜੀ ਕਿ ਉਸ ਦਿਨ ਗਾਗੋਵਾਲ ਆਲੇ ਸਰਪੰਚ ਘਰ ਸ਼ਾਮ ਨੂੰ ਪਾਰਟੀ ਹੈ । ਸਾਡੇ ਵੱਲੋਂ ਸਾਰੇ ਜਣਿਆਂ ਨੂੰ ਸੱਦਾ ਹੈ ਜੋ ਘਰਵਾਲੀ ਨੂੰ ਨਾਲ ਲੈ ਕੇ ਆਵੇ ਉਹ ਵੀ ਠੀਕ ਹੈ ਜੇ ਨਾ ਲਿਆਵੇ ਤਾਂ ਉਹਦੀ ਮਰਜ਼ੀ, ਪਰ ਸਾਡੇ ਵੱਲੋਂ ਦੋਹਾਂ ਜੀਆਂ ਨੂੰ ਸੱਦਾ ਹੈ । ਮਿੱਥੇ ਹੋਏ ਦਿਨ ਮੁਤਾਬਿਕ ਸ਼ਾਮ ਦੇ 4 ਵਜੇ ਸਨ ਸਰਪੰਚ ਦੇ ਕਦੀ ਗਲੀ ਚ ਗੇੜਾ ਕਦੇ ਬੈਕ ਯਾਰਡ ਵਿੱਚ ਗੇੜੀਆਂ ਕੱਢਦਾ ਫਿਰੇ। ਕਦੇ ਵੱਡੇ ਮੁੰਡੇ ਗੁਰਵਿੰਦਰ ਸਿੰਘ ਨੂੰ ਭੱਜ ਕੇ ਪੈ ਜਾਵੇ, ਕਦੇ ਛੋਟੇ ਗੁਰਜੀਤ ਨੂੰ ਜਿਸ ਦੇ ਘਰ ਬੇਟਾ ਹੋਇਆ ਉਸਨੂੰ ਭੱਜ ਕੇ ਪੈ ਜਾਵੇ। ਮੈਂ ਸਰਪੰਚ ਨੂੰ ਕਿਹਾ ਕਿ ਇਹ ਕਨੇਡਾ ਹੈ ਤੇਰਾ ਗਾਗੋਵਾਲ ਨਹੀਂ, ਇੱਥੇ ਜੁਆਕਾਂ ਨੂੰ ਇੰਝ ਨਹੀਂ ਘੂਰੀਦਾ! ਅੱਗਿਓਂ ਕਹਿੰਦਾ ਵੱਡਾ ਡੀ ਓ ਚੁੱਪ ਕਰ ਜਾ, ਰੰਬਾ, ਧੀ ਤੇ ਮੁੰਡਾ ਜਿੰਨਾ ਚੰਡ ਕੇ ਰੱਖੀਏ ਉਨੇ ਹੀ ਵੱਧ ਕੰਮ ਆਉਂਦੇ ਨੇ। ਚਲੋ ਮੈਂ ਕਿਹਾ ਤੇਰਾ ਰੰਬਾ ਠੀਕ ਹੈ। ਪਰ ਤੂੰ ਅਜੇ ਤੱਕ ਮਾਨਸਾ ਵਾਲੀ ਪਾਣ ਗਵਾਈ ਨਹੀਂ ਕਿਉਂਕਿ ਗਾਗੋਵਾਲ ਤੋਂ ਮਾਨਸਾ ਕੇਵਲ 9 ਕਿਲੋਮੀਟਰ ਹੀ ਹੈ। ਇੰਨੇਵਿੱਚ ਬੀਬੀਆਂ ਪਹੁੰਚਣੀਆਂ ਸ਼ੁਰੂ ਹੋ ਗਈਆਂ ਇਹਨਾਂ ਦੀ ਅਗਵਾਈ ਸੰਧੂ ਦੀ ਪਤਨੀ ਕਰ ਰਹੀ ਸੀ ਵਿੱਚ ਮੇਰੀ ਧਰਮ ਪਤਨੀ ਵੀ ਗੁਲਾਬੀ ਰੰਗ ਦਾ ਸੂਟ ਪਾਈ ਪਹੁੰਚ ਗਈ, ਜਿਹੜੀ ਕਿ ਮੈਂ ਬੜੀ ਮੁਸ਼ਕਿਲ ਨਾਲ ਮਨਾਈ ਸੀ। ਇਸ ਮਹਿਫਿਲ ਵਿੱਚ ਸਾਡਾ ਲਾਹੌਰ ਤੋਂ ਦੋਸਤ ਸਈਅਦ ਆਸਫ ਅਲੀ ਰਿਟਾਇਰਡ ਕਰਨਲ ਪਾਕਿਸਤਾਨ ਆਰਮੀ ਅਤੇ ਉਹਨਾਂ ਦੀ ਬੇਗਮ ਸਾਹਿਬਾਂ ਸਈਅਦ ਆਲੀਆ ਹਸਨ ਪੁੱਤਰੀ ਸਈਅਦ ਹਸਨ ਅਲੀ ਵੀ ਬੁਰਕਾ ਪਾ ਕੇ ਆਪਣੇ ਖਾਵੰਦ ਨਾਲ ਪਹੁੰਚੀ ਹੋਈ ਸੀ। ਗੁਰਵਿੰਦਰ ਦਾ ਪਾਕਿਸਤਾਨੀ ਮੂਲ ਦਾ ਦੋਸਤ ਨੂਰ ਬੁਰਕੀ ਜੋ ਰੀਜਾਇਨਾ ਅਸੈਂਬਲੀ ਵਿੱਚ ਐਮ ਐਲ ਏ ਵੀ ਹੈ ,ਉਹ ਵੀ ਪੁੱਜ ਗਿਆ। ਉਧਰੋਂ ਗੁਰਵਿੰਦਰ ਦੇ ਪਿਓ ਕਿਹੜਾ ਘੱਟ ਸੀ ,ਉਸਦਾ ਦੋਸਤ ਭਜਨ ਸਿੰਘ ਬਰਾੜ ਮੌਜੂਦਾ ਐਮ ਐਲ ਏ (ਰਿਟਾਇਰਡ ਐਕਸੀਅਨ ਬਿਜਲੀ ਬੋਰਡ) ਅਤੇ ਤਰਲੋਕ ਸਿੰਘ ਰਿਟਾਇਰਡ ਚੀਫ ਇੰਜੀਨੀਅਰ ਪੰਜਾਬ ਬਿਜਲੀ ਬੋਰਡ ਦੇ ਨਾਲ ਪਾਰਟੀ ਵਿੱਚ ਸ਼ਾਮਿਲ ਹੋਏ ਹੋਣ ਲਈ ਪਹੁੰਚ ਗਏ। ਬੈਕ ਯਾਰਡ ਵਿੱਚ ਡੈਕ ਉੱਤੇ ਲਗਭਗ 25 ਔਰਤਾਂ ਜਿਨਾਂ ਦੇ ਨਾਲ ਸਰਪੰਚ ਦੀ ਵੱਡੀ ਨੂੰਹ ਮਨਪ੍ਰੀਤ ਕੌਰ ਹੱਸ ਹੱਸ ਗੱਲਾਂ ਕਰ ਰਹੀ ਸੀ। ਉਸਨੇ ਪਿੜ ਪੂਰੀ ਤਰ੍ਹਾਂ ਸਾਂਭਿਆ ਹੋਇਆ ਸੀ। ਸਭ ਦੇ ਸਭ ਗਰੁੱਪ ਮੈਂਬਰ ਖਾਣ ਪੀਣ ਦੇ ਨਾਲ ਨਾਲ ਗੱਲਾਂ ਦਾ ਆਨੰਦ ਵੀ ਲੈ ਰਹੇ ਸਨ। ਮੈਨੂੰ ਇੰਝ ਮਹਿਸੂਸ ਹੋ ਰਿਹਾ ਸੀ ਕਿ ਅਸੀਂ ਕੈਨੇਡਾ ਨਹੀਂ ਬਲਕਿ ਅਸੀਂ ਪੰਜਾਬ ਵਿੱਚ ਹੀ ਬੈਠੇ ਹੋਈਏ। ਨੂੰਹ ਅਤੇ ਪੁੱਤਾਂ ਦੀ ਖਾਤਰਦਾਰੀ ਨੂੰ ਦੇਖ ਕੇ ਮਾਣ ਵੀ ਮਹਿਸੂਸ ਹੋ ਰਿਹਾ ਸੀ ਅਤੇ ਇੱਛਾ ਵੀ ਹੋ ਰਹੀ ਸੀ ਕਿ ਸਾਰਿਆਂ ਦੇ ਨੂੰਹ-ਪੁੱਤ ਘਰ ਆਏ ਮਹਿਮਾਨਾਂ ਨਾਲ ਇਸੇ ਤਰ੍ਹਾਂ ਦਾ ਵਤੀਰਾ ਕਰਨਾ ਸਿੱਖਣ। ਇਹ ਇਤਿਹਾਸਿਕ ਪਲ ਜੋ ਕਦੀ ਭਲਾਈ ਨਹੀਂ ਜਾ ਸਕਦੇ 80 ਸਾਲਾਂ ਬਾਅਦ ਆਏ ਸਨ, ਕਿ ਹਿੰਦੂ ਮੁਸਲਿਮ ਸਿੱਖ ਇਸਾਈ ਤੇ ਉਹ ਵੀ ਉੱਪਰ ਉੱਠ ਕੇ ਪਾਕਿਸਤਾਨ ਦੇ ਭਾਰਤ ਨੂੰ ਇੱਕ ਹੁੰਦਿਆ ਵੇਖਿਆ। ਨਫਰਤ ਵਾਲੀ ਕੰਧ ਤੋੜਦਿਆਂ ਭਾਰਤੀ ਰਿਟਾਇਰਡ ਕੈਪਟਨ ਹਰਭਜਨ ਸਿੰਘ ਜੋ ਕਿ ਸਿੱਖ ਹੈ ਅਤੇ ਰਿਟਾਇਰਡ ਕਰਨਲ ਸਈਅਦ ਆਸਿਫ ਅਲੀ ਨੂੰ ਜੱਫੀ ਪਵਾਈਆਂ ਗਈਆਂ। ਇਸ ਤੋਂ ਵੀ ਅੱਗੇ ਵਧਕੇ ਸਰਪੰਚ ਨੇ ਉਹਨਾਂ ਦੀਆਂ ਘਰਵਾਲੀਆਂ ਬੇਗਮ ਸਈਅਦ ਅਲੀ ਤੇ ਕੈਪਟਨ ਦੀ ਧਰਮ ਪਤਨੀ ਅਮਰਜੀਤ ਕੌਰ ਨੂੰ ਆਪਸ ਵਿੱਚ ਗੱਲਵੱਕੜੀ ਪਵਾਈ। ਉਹਨਾਂ ਨੂੰ ਘੜੀਆਂ ਪਹਿਨਾ ਕੇ ਵੀ ਸਨਮਾਨਿਤ ਕੀਤਾ ਗਿਆ। ਮੈਨੂੰ ਉਸ ਟਾਈਮ ਮਹਿਸੂਸ ਹੋਇਆ ਕਿ ਇਹ ਕੰਮ ਬਹੁਤ ਪਹਿਲਾਂ ਹੋ ਜਾਣਾ ਚਾਹੀਦਾ ਸੀ । ਮੈਂ ਦੋਨਾਂ ਬੀਬੀਆਂ ਇਸ ਮਿਲਣੀ ਨੂੰ ਇਸ ਕਰਕੇ ਅਹਿਮੀਅਤ ਦਿੰਦਾ ਹਾਂ ਕਿ ਦੋਨੇ ਆਰਮੀ ਵਾਲਿਆਂ ਦਾ ਕੰਮ ਹੀ ਆਪਣੇ ਆਪਣੇ ਮੁਲਕਾਂ ਦੀ ਰਾਖੀ ਲਈ ਆਪਣੀ ਜਾਨ ਅਤੇ ਆਪਣੀ ਪਤਨੀ ਦਾ ਸੁਹਾਗ ਦਾਅ ਉੱਪਰ ਲਾਉਣਾ ਸੀ। ਮੈਂ ਆਪਣੇ ਮਨ ਅੰਦਰ ਹੀ ਸੋਚਿਆ ਕਿ ਜਦੋਂ ਉਹਨਾਂ ਦੇ ਪਤੀ ਫੌਜ ਵਿੱਚ ਡਿਊਟੀ ਕਰਦੇ ਹੋਣਗੇ ਤਾਂ ਇਹਨਾਂ ਦੋਵਾਂ ਬੀਬੀਆਂ ਦੀ ਹਰ ਰੋਜ਼ ਰਾਤ ਨੂੰ ਥੋੜੀ ਬਹੁਤ ਕਦੇ ਅੱਖ ਲੱਗਣ ਤੋਂ ਬਾਅਦ ਖੁੱਲਦੀ ਹੋਵੇਗੀ ਤਾਂ ਉਸ ਟਾਈਮ ਆਪਣੇ ਵਿਧਵਾ ਹੋਣ ਦਾ ਡਰ ਬਣਿਆ ਰਹਿੰਦਾ ਹੋਵੇਗਾ। ਉਹਨਾਂ ਫੌਜੀਆਂ ਦਾ ਵੀ ਕੋਈ ਕਸੂਰ ਨਹੀਂ ਸੀ ਪਰ ਆਪੋ ਆਪਣੀ ਡਿਊਟੀ ਅਨੁਸਾਰ ਉਹ ਕਿ ਇੱਕ ਦੂਜੇ ਨੂੰ ਮਾਰਨਾ ਹੀ ਹੀ ਸੀ। ਪਰ ਅੱਜ ਉਹ ਦੋਵੇਂ ਆਪਸ ਵਿੱਚ ਜੱਫੀਆਂ ਪਾ ਰਹੇ ਸਨ। ਐਮ ਐਲ ਏ ਨੂਰ ਬੁਰਕੀ ਸਾਹਿਬ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪਰਿਵਾਰ ਨੂੰ ਪੋਤਰੇ ਦੀ ਵਧਾਈ ਦਿੱਤੀ। ਭਜਨ ਬਰਾੜ ਐਮ ਐਲ ਏ ਨੇ ਵੀ ਜੋ ਸ਼ਬਦ ਕਹੇ ਉਹ ਵੀ ਦਿਲ ਨੂੰ ਟੁੰਬਣ ਵਾਲੇ ਸਨ, ਕਿ ਅਸੀਂ ਹੁਣ ਇਸ ਮੁਲਕ ਦਾ ਅੰਨ ਪਾਣੀ ਖਾਂਦੇ ਹਾਂ ਤਾਂ ਸਾਨੂੰ ਇਸ ਦੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ। ਇਹਨਾਂ ਦੇ ਤਿਉਹਾਰਾਂ ਵਿੱਚ ਸ਼ਿਰਕਤ ਕਰਨੀ ਚਾਹੀਦੀ ਹੈ। ਇਹਨਾਂ ਦਾ ਧਰਮ ਭਾਵੇਂ ਨਾ ਅਪਣਾਵੋ ਪਰ ਇਹਨਾਂ ਦੇ ਧਾਰਮਿਕ ਸਮਾਗਮਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਤਾਂ ਜੋ ਇਹਨਾਂ ਦੇ ਨੇੜੇ ਹੋ ਸਕੀਏ। ਕੋਈ ਧਾਰਮਿਕ ਮਤਭੇਦ, ਗੋਰੇ ਕਾਲੇ ਦਾ ਮੱਤਭੇਦ ਨਾ ਕਰੀਏ। ਅੰਤ ਵਿੱਚ ਗਾਗੋਵਾਲ ਪਰਿਵਾਰ ਵੱਲੋਂ ਗੁਰਵਿੰਦਰ ਸਿੰਘ ਨੇ ਸਭ ਮਹਿਮਾਨਾਂ ਦਾ ਧੰਨਵਾਦ ਕੀਤਾ।

ਰੀਟਾਇਰਡ ਡੀ ਈ ਓ: ਜਗਸੀਰ ਸਿੰਘ






# ਬਦਲ ਗਏ ਰੰਗ

ਸਫ਼ਾ ਇਕ ਦੀ ਬਾਕੀ

ਫੜੀਆਂ ਹੋਈਆਂ ਸਨ ਜਿਨ੍ਹਾਂ ’ਤੇ ਲਿਖਿਆ ਹੋਇਆ ਸੀ, ‘ਸਾਡੇ ਹੱਕ, ਏਥੇ ਰੱਖ।’ ਸਕੱਤਰੇਤ ਮੁਲਾਜ਼ਮਾਂ ਦੇ ਨਾਅਰਿਆਂ ਦੀ ਗੂੰਜ ’ਚ ਗੁਆਚਾ ਹੋਇਆ ਸੀ। ਇਨ੍ਹਾਂ ਨਾਅਰਿਆਂ ਚੋਂ ਭਰੋਸਾ ਟੁੱਟਣ ਦਾ ਦਰਦ ਵੀ ਝਲਕ ਰਿਹਾ ਸੀ। ‘ਆਪ’ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਨਾਅਰੇ ਮਾਰਦੇ ਮੁਲਾਜ਼ਮ ਆਗੂ ਦਮੋਂ ਨਿਕਲੇ ਹੋਏ ਸਨ। ਮਹਿਲਾ ਮੁਲਾਜ਼ਮ ਆਗੂਆਂ ਨੇ ਵੀ ਗਲੇ ਸੁਕਾਏ ਹੋਏ ਸਨ।

ਹਾਲਾਂਕਿ ਸਮੁੱਚੇ ਪੰਜਾਬ ਦੇ ਮੁਲਾਜ਼ਮਾਂ ਨੇ ਬਕਾਇਆ ਮਹਿੰਗਾਈ ਭੱਤਾ, ਪੁਰਾਣੀ ਪੈਨਸ਼ਨ ਸਕੀਮ ਅਤੇ ਹੋਰਨਾਂ ਮੁਲਾਜ਼ਮਾਂ ਮੰਗਾਂ ’ਤੇ ਸਮੂਹਿਕ ਛੁੱਟੀ ਲੈ ਕੇ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਹਰ ਛੋਟੇ ਵੱਡੇ ਦਫ਼ਤਰ ’ਚ ਨਾਅਰੇ ਹੀ ਗੂੰਜਦੇ ਰਹੇ। ਪੰਜਾਬ ਸਕੱਤਰੇਤ ’ਚ ਮੁਲਾਜ਼ਮਾਂ ਦੀ ਹੜਤਾਲ ’ਚ ਵਜ਼ੀਰਾਂ ਅਤੇ ਆਈ ਏ ਐੱਸ ਅਫ਼ਸਰਾਂ ਦਾ ਨਿੱਜੀ ਸਟਾਫ਼ ਵੀ ਸ਼ਾਮਲ ਹੋਇਆ। ਸਕੱਤਰੇਤ ਦੀ ਗਰਾਊਂਡ ਫਲੋਰ ’ਤੇ ਮੁਲਾਜ਼ਮ ਬੈਠੇ ਹੋਏ ਸਨ। ਉਨ੍ਹਾਂ ਨੂੰ ਪੌੜੀਆਂ ਚੜ੍ਹਨ ਤੋਂ ਰੋਕਣ ਲਈ ਵਿਸ਼ੇਸ਼ ਪ੍ਰਬੰਧ ਸੀ।

ਦਫ਼ਤਰਾਂ ’ਚ ਕੁਰਸੀਆਂ ਖ਼ਾਲੀ ਸਨ ਤੇ ਕੰਪਿਊਟਰ ਬੰਦ ਪਏ ਸਨ। ਪੌੜੀਆਂ ’ਚ ਸੁੰਨ ਸੀ ਤੇ ਦਫ਼ਤਰੀ ਅਲਮਾਰੀਆਂ ਨੂੰ ਤਾਲੇ ਵੱਜੇ ਹੋਏ ਸਨ। ਸਵੇਰ ਵਕਤ ਮੁਲਾਜ਼ਮਾਂ ਨੂੰ ਦਫ਼ਤਰਾਂ ’ਚ ਜਾਣ ਦੀ ਇਜਾਜ਼ਤ ਸੀ ਅਤੇ ਉਸ ਮਗਰੋਂ ਪੌੜੀਆਂ ਤੇ ਲਿਫ਼ਟ ਦਾ ਰਸਤਾ ਬੰਦ ਕਰ ਦਿੱਤਾ ਗਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਸਖ਼ਤ ਫ਼ੈਸਲਾ ਲੈਂਦਿਆਂ ਕਿਹਾ ਕਿ ਮੁਲਾਜ਼ਮ ਪਹਿਲਾਂ ਹੜਤਾਲ ਖ਼ਤਮ ਕਰਨ, ਫਿਰ ਉਨ੍ਹਾਂ ਨਾਲ ਗੱਲਬਾਤ ਕੀਤੀ ਜਾਵੇਗੀ। ਪੰਜਾਬ ਸਰਕਾਰ ਦੀ ਸਖ਼ਤੀ ਨੇ ਵਿਰੋਧੀ ਸਿਆਸੀ ਧਿਰਾਂ ਨੂੰ ਪੱਬਾਂ ਭਾਰ ਕਰ ਦਿੱਤਾ ਹੈ।ਵਿਰੋਧੀ ਧਿਰਾਂ ਦੇ ਆਗੂ ਮੁਲਾਜ਼ਮਾਂ ਦੀ ਹਮਾਇਤ ’ਚ ਕੁੱਦੇ ਹਨ। ਵਿਰੋਧੀ ਪਾਰਟੀਆਂ ਦੇ ਆਗੂ ਇਸ ਮੌਕੇ ਨੂੰ ਹੱਥੋਂ ਨਹੀਂ ਗੁਆਉਣਾ ਚਾਹੁੰਦੇ ਹਨ। ਕਿਤੇ ਮਾਮਲਾ ਵਕਾਰੀ ਬਣ ਗਿਆ ਤਾਂ ਪੰਜਾਬ ਸਰਕਾਰ ਤੇ ਮੁਲਾਜ਼ਮਾਂ ਵਿਚਾਲੇ ਟਕਰਾਅ ਸਿਖਰ ਲੈ ਸਕਦਾ ਹੈ



ਚੈਸਟਰਮੀਅਰ ਪੰਜਾਬੀ ਬਜ਼ੁਰਗ(ਸੀਨੀਅਰਜ਼) ਸੁਸਾਇਟੀ ਵੱਲੋਂ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ, ਕੈਲਗਰੀ ਦੇ 29 ਅਗਸਤ ਦਿਨ ਸ਼ਨੀਵਾਰ ਦੇ ਸਫ਼ਾਈ ਅਭਿਆਨ ਵਿੱਚ ਸ਼ਾਮਲ ਹੋਏ ਵਲੰਟੀਅਰ ਜਗਜੀਤ ਸਿੰਘ ਗਰੇਵਾਲ, ਰਾਜਿੰਦਰ ਸਿੰਘ ਕੂਨਰ, ਗੁਰਰਾਜ ਸਿੰਘ ਵਿਰਕ, ਹਰੀ ਸਿੰਘ ਮਹੇਸ਼, ਰਣਜੋਧ ਸਿੰਘ ਚਹਿਲ, ਸੁਖਦੇਵ ਸਿੰਘ ਭੂਰਾ ਕੋਹਨਾ, ਸੁਖਚੈਨ ਸਿੰਘ, ਬਲਦੇਵ ਸਿੰਘ ਸੰਧੂ, ਜਸਵੰਤ ਸਿੰਘ ਸੋਹਲ, ਰਣਜੀਤ ਸਿੰਘ ਤੱਤਲਾ, ਸ਼ੇਰ ਸਿੰਘ ਅਤੇ ਮਹਿੰਦਰ ਸਿੰਘ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨਾਲ।





TOWNHOMES from the mid $500s
LANED DUPLEXES from the high $500s
LANED HOMES from the mid $600s
FRONT GARAGE from the high $600s

ਵਰਮਿਲੀਅਨ ਹਿੱਲ ਵਿਖੇ ਫਾਲ ਨੂੰ ਅਪਣਾਓ, ਇੱਕ ਅਜਿਹਾ ਭਾਈਚਾਰਾ ਜੋ ਕੁਦਰਤ ਨਾਲ ਭਰਪੂਰ ਰਹਿਣ-ਸਹਿਣ ਅਤੇ ਸ਼ਹਿਰੀ ਸਹੂਲਤਾਂ ਦਾ ਸੰਪੂਰਨ ਮਿਸ਼ਰਣ ਪਰ੍ਦਾਨ ਕਰਦਾ ਹੈ। ਫਿਸ਼ ਕਰੀਕ ਪਾਰਕ, ਕਨਾਨਾਸਕਿਸ ਅਤੇ ਸਟੋਨੀ ਟਰ੍ਰੇਲ ਤੱਕ ਨਿਰਵਿਘਨ ਪਹੁੰਚ ਦੇ ਨਾਲ, ਕੁਝ ਮਿੰਟਾਂ ਦੀ ਦੂਰੀ 'ਤੇ ਸਥਾਪਿਤ ਮਾਰਗਾਂ, ਪਾਰਕਾਂ, ਖੇਡ ਦੇ ਮੈਦਾਨਾਂ ਅਤੇ ਜ਼ਰੂਰੀ ਸਹੂਲਤਾਂ ਨਾਲ ਆਪਣੇ ਆਪ ਨੂੰ ਘੇਰ ਲਓ।

ਆਪਣਾ ਘਰ ਇੱਥੇ ਲੱਭੋ liveinvermilionhill.com

Limited
Cul-de-Sac & Walkout Lots Released!

Welcome Jayman BUILT to Vermilion Hill.
- NuVista Homes
- Genesis Builders
- Shane Homes
- Homes by Avi
- Sterling Homes
- Broadview Homes
- Jayman BUILT

Vermilion Hill

QUALICO communities — WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.



**Bains Vision Centre**

ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ

Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1



ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ

ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:
All Type of Residential & Commercial Woodwork
Interior Finishing: Kitchen Cabinets:
Railing & Decorating

Manpreet Thind
Ph: (403) 455-1000
www.perfectfinishing.ca

Perfect Finishing Corp.
NewStar Cabinets Ltd.
3341 19 St NE Calgary AB T2E 6S8



- Personal Tax Returns
- Corporate Tax Returns
- Bookkeeping
- GST/HST Filing
- Payroll
- WCB Returns
- Tax Planning
- New Business Consultation & Registration

SIDHU ACCOUNTING
PH: (403) 568 – 2667
Email: info@sidhuaccounting.com
Address: 202, 4656 Westwinds Drive NE Calgary, Alberta T3J 3Z5



**Asia Pacific Immigration Consulting Ltd.**
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ

ਇਮੀਗ੍ਰੇਸ਼ਨ ਸੇਵਾਵਾਂ
- ਮਾਪਿਆਂ ਲਈ ਸੁਪਰ ਵੀਜ਼ਾ
- ਪਰਿਵਾਰਕ ਸਪਾਂਸਰਸ਼ਿਪ
- ਐਲ ਐਮ ਓ ਐਪਲੀਕੇਸ਼ਨ
- ਵਰਕ ਪਰਮਿਟ
- ਰੱਦ ਕੀਤੇ ਕੇਸਾਂ ਵਾਸਤੇ ਅਪੀਲ

iccrc crcic
Call for an appointment
403-225-1111
Toll Free 1-855-723-0001

Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001

Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca



**Delta-A Stucco Ltd.**
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com



NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

# ਗਰੈਂਡ ਹੋਮ ਬਿਲਡਰ ਨੇ ਚੈਸਟਰਮੀਅਰ ਵਿਖੇ ਆਪਣੇ ਨਵੇਂ ਸ਼ੋਅ ਹੋਮ ਦਾ ਉਦਘਾਟਨ ਕੀਤਾ






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 30 ਅਗਸਤ ਵਾਲੇ ਦਿਨ ਕੈਲਗਰੀ ਦੇ ਨਾਲ ਲਗਦੇ ਝੀਲਾਂ ਦੇ ਸ਼ਹਿਰ ਵੱਜੋਂ ਜਾਣੇ ਜਾਂਦੇ ਚੈਸਟਰਮੀਅਰ ਵਿਖੇ ਗਰੈਂਡ ਹੋਮ ਬਿਲਡਰ ਨੇ ਆਪਣੇ ਸ਼ੋਅ ਹੋਮ ਦਾ ਉਦਘਾਟਨ ਕੀਤਾ । ਇਸ ਮੌਕੇ ਕੈਲਗਰੀ ਸ਼ਹਿਰ ਦੀਆਂ ਨਾਮਵਾਰ ਰਾਜਨੀਤਿਕ ਸ਼ਖਸ਼ੀਅਤਾਂ ਜਿਨਾਂ ਵਿੱਚ ਮੈਂਬਰ ਪਾਰਲੀਮੈਂਟ ਅਮਨਪ੍ਰੀਤ ਸਿੰਘ ਗਿੱਲ ਅਤੇ ਮੈਂਬਰ ਪਾਰਲੀਮੈਂਟ ਦਲਵਿੰਦਰ ਗਿੱਲ ਤੋਂ ਇਲਾਵਾ ਐਮ ਐਲ ਪਰਮੀਤ ਸਿੰਘ ਬੋਪਾਰਾਏ ਨੇ ਵੀ ਆਪਣੀ ਹਾਜ਼ਰੀ ਭਰੀ। ਸਮਾਗਮ ਦੇ ਮੁੱਖ ਹਿੱਸੇ ਮੌਕੇ ਰੈਡ ਕਾਰਪੈਟ ਉੱਪਰ ਪ੍ਰਬੰਧਕੀ ਟੀਮ ਪ੍ਰੀਤ ਵੈਦਵਾਨ,ਅਮਰਪ੍ਰੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਤੋਂ ਆਏ ਹੋਏ ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿੱਚ ਰਿਬਨ ਕੱਟ ਕੇ ਤਾੜੀਆਂ ਦੀ ਗੜਾਹਟ ਵਿੱਚ ਸ਼ੋਅ ਹੋਮ ਦੀ -ਪਨਿੰਗ ਕੀਤੀ ਗਈ। ਇਸ ਮੌਕੇ ਗਰੈਂਡ ਹੋਮ ਬਿਲਡਰ ਵੱਲੋਂ ਬੋਲਦਿਆਂ ਪ੍ਰੀਤ ਵੈਦਵਾਨ ਨੇ ਦੱਸਿਆ ਕਿ ਇਸ ਵੇਲੇ ਸਾਡੇ ਕੋਲ ਤਕਰੀਬਨ 38 ਲਾਟਾਂ ਮੌਜੂਦ ਹਨ ਜਿਨਾਂ ਵਿੱਚ ਘਰ ਬਣਾਉਣ ਦੇ ਚਾਹਵਾਨ ਆਪਣੀ ਮਰਜ਼ੀ ਅਨੁਸਾਰ ਆਪਣੀਆਂ ਲੋੜਾਂ ਦੱਸ ਕੇ ਆਪਣੇ ਸੁਪਨਿਆਂ ਦਾ ਘਰ ਬਣਾ ਸਕਦੇ ਹਨ। ਉਹਨਾਂ ਕਿਹਾ ਕਿ ਸਾਡੇ ਪੰਜਾਬੀਆਂ ਦਾ ਜਿੰਦਗੀ ਦਾ ਇੱਕ ਵੱਡਾ ਸ਼ੌਂਕ ਹੁੰਦਾ ਹੈ ਕਿ ਉਹ ਰਾਜਿਆਂ ਮਹਾਰਾਜਿਆਂ ਵਰਗੀ ਜ਼ਿੰਦਗੀ ਜਿਉਣ ਲਈ ਵੱਡ ਆਕਾਰੀ ਘਰਾਂ ਦੇ ਮਾਲਕ ਹੋਣ । ਉਹਨਾਂ ਦਾ ਇਹ ਸੁਪਨਾ ਗ੍ਰੈਂਡ ਹੋਮ ਬਿਲਡਰ ਦੇ ਜ਼ਰੀਏ ਪੂਰਾ ਹੋ ਸਕਦਾ ਹੈ । ਸ਼ਹਿਰ ਦੀ ਭੀੜ ਭੜੱਕੇ ਵਾਲੀ ਜ਼ਿੰਦਗੀ ਤੋਂ ਦੂਰ ਸ਼ਹਿਰੀ ਸਹੂਲਤਾਂ ਮਾਣਦਿਆਂ ਅਗਰ ਤੁਸੀਂ ਆਪਣੇ ਸੁਪਨਿਆਂ ਦਾ ਘਰ ਬਣਾਉਣਾ ਚਾਹੁੰਦੇ ਹੋ ਤਾਂ ਚੈਸਟਰਮੀਅਰ ਵਿੱਚ ਵਸਣ ਦਾ ਮਨ ਬਣਾ ਕੇ ਗਰੈਂਡ ਹੋਮ ਬਿਲਡਰ ਨਾਲ ਸੰਪਰਕ ਕਰ ਸਕਦੇ ਹੋ। ਇਸ ਮੌਕੇ ਖਾਣਪੀਣ ਦਾ ਬਹੁਤ ਸੁਚੱਜਾ ਪਰਬੰਧ ਕੀਤਾ ਹੋਇਆ ਸੀ ਅਤੇ ਹਾਜਰੀਨ ਵਿੱਚੋਂ ਬਹੁਤਿਆਂ ਦੇ ਹਿੱਸੇ ਲੱਕੀ ਡਰਾਅ ਵੀ ਆਏ।




